ਪੰਜਾਬ ਕਲਾ ਮੰਚ ਦੀ ਤ੍ਰੈ-ਮਾਸਿਕ ਪੁਸਤਕ ਲੜੀ


roohpunjabi.com

# ਰੂਹ ਪੰਜਾਬੀ

ਸਹਿਯੋਗ 25/-


ਅਕਤੂਬਰ-ਦਸੰਬਰ-2017

17



ਅਰਥੀ ਤੱਕ ਕੇ ਲੋਕੀ ਕਹਿੰਦੇ , ਇਹ ਆਦਮ ਨਸ਼ੇੜੀ ਸੀ,
ਘਰ ਦੇ ਅਤੇ ਸੁਹਿਰਦ ਲੋਕੀਂ, ਕਹਿੰਦੇ ਪਿੰਡ ਦਾ ਨਗ ਗਿਐ।
ਬੰਨ੍ਹ ਕਤਾਰਾਂ ਅਮਲੀ ਤੁਰ ਪਏ, ਬਲਦੇ ਬੁਝਦੇ ਸਿਵਿਆਂ ਨੂੰ,
ਕੀ ਬਣੇਗਾ ਏਸ ਤਰਫ ਜੇ ਸਾਰਾ ਹੀ ਤੁਰ ਜਗ ਗਿਐ।

-ਰਤਨ ਟਾਹਲਵੀ








ਆਪਣੇ ਨਾਟਕ ਮੰਚਨ ਦੇ ਵਿਭਿੰਨ ਮੌਕਿਆਂ ਤੋਂ ਪਹਿਲਾਂ ਦਰਸ਼ਕਾਂ ਦੇ ਰੂ-ਬ-ਰੂ ਹੁੰਦੇ ਹੋਏ ਸਤਵਿੰਦਰ ਬੇਗੋਵਾਲੀਆ



ਪੰਜਾਬ ਕਲਾ ਮੰਚ ਬੇਗੋਵਾਲ ਦੀ ਮਾਸਿਕ ਮੀਟਿੰਗ ਵਿੱਚ 'ਰੂਹ ਪੰਜਾਬੀ ' ਦਾ 16ਵਾਂ ਅੰਕ ਰਿਲੀਜ਼ ਕਰਦੇ ਹੋਏ, ਰਮੇਸ਼ ਚੰਦਰ ਗਾਂਧੀ, ਰਤਨ ਟਾਹਲਵੀ, ਪ੍ਰੋ. ਸਤਵਿੰਦਰ ਬੇਗੋਵਾਲੀਆ, ਹਰਜਿੰਦਰ ਸਿੰਘ ਮੰਡਾ ਅਤੇ ਲਖਬੀਰ ਸਿੰਘ ਭੁੱਲਰ

# ਸ਼ੋਸ਼ਲ ਮੀਡੀਆ ’ਤੇ ਵੀ ‘ਰੂਹ ਪੰਜਾਬੀ’ ਨੂੰ ਭਰਵਾਂ ਹੁੰਗਾਰਾ




ਅਸੀਂ ਇਹ ਗੱਲ ਸਾਂਝੀ ਕਰਦਿਆਂ ਬੜੀ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦੇ ਹਾਂ ਕਿ ਅਦਾਰਾ ‘ਰੂਹ ਪੰਜਾਬੀ’ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਵਿਚ ਛਪਦੇ ਨਿਬੰਧ, ਨਾਟਕ, ਗ਼ਜ਼ਲਾਂ, ਗੀਤ ਅਤੇ ਹੋਰ ਵੰਨਗੀਆਂ ਨੂੰ ਜਿਥੇ ਪਾਠਕਾਂ ਵੱਲੋਂ ਬੇਹੱਦ ਪਸੰਦ ਕੀਤਾ ਜਾਂਦਾ ਹੈ ਉਥੇ ਉਨ੍ਹਾਂ ਵੱਲੋਂ ਭੇਜੇ ਜਾਂਦੇ ਖਤ ਅਤੇ ਛਪਣਯੋਗ ਸਮੱਗਰੀ ਤੋਂ ਸਹਿਜੇ ਹੀ ਇਸ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪਰਚੇ ਦੀ ਛਪਣ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾਣਾ ਅਤੇ ਪਾਠਕਾਂ ਦੀ ਗਿਣਤੀ ਦਿਨੋਂ ਦਿਨ ਵਧਣੀ ਇਕ ਸ਼ੁਭ ਸ਼ਗਨ ਕਿਹਾ ਜਾ ਸਕਦਾ ਹੈ। ਸਾਨੂੰ ਇਹ ਗੱਲ ਸਾਂਝੀ ਕਰਦਿਆਂ ਵੀ ਬੜਾ ਮਾਣ ਮਹਿਸੂਸ ਹੁੰਦਾ ਹੈ ਕਿ ਸ਼ੋਸ਼ਲ ਮੀਡੀਆ ’ਤੇ ਵੀ ‘ਰੂਹ ਪੰਜਾਬੀ’ ਨੂੰ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ‘ਰੂਹ ਪੰਜਾਬੀ’ ਦੀ ਵੈਬਸਾਈਟ ਅਤੇ ਫੇਸਬੁੱਕ ’ਤੇ ਬਣੇ ਪੇਜ ਨੂੰ ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਲਗਾਤਾਰ ਪਸੰਦ ਕੀਤਾ ਜਾਂਦਾ ਹੈ ਅਤੇ ਆਪਣੇ ਕੀਮਤੀ ਸੁਝਾਅ ਭੇਜੇ ਜਾਂਦੇ ਹਨ। ਅਸੀਂ ਪਾਠਕਾਂ ਵੱਲੋਂ ਭੇਜੇ ਜਾਂਦੇ ਸੁਝਾਵਾਂ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਏ ਜਿਥੇ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਉਥੇ ਉਨ੍ਹਾਂ ਸੁਝਾਵਾਂ ’ਤੇ ਅਮਲ ਕਰਨ ਦੀ ਕੋਸ਼ਿਸ਼ ਵੀ ਕਰਦੇ ਹਾਂ।

ਅੱਜ ਸ਼ੋਸ਼ਲ ਮੀਡੀਆ ਦਾ ਯੁੱਗ ਹੋਣ ਦੇ ਬਾਵਜੂਦ ਤ੍ਰੈ-ਮਾਸਿਕ ਪਰਚਿਆਂ ਦਾ ਲਗਾਤਾਰ ਟਿਕੇ ਰਹਿਣੇ, ਇਕ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ ਪਰ ਪਿਆਰੇ ਪਾਠਕਾਂ ਦੇ ਸਹਿਯੋਗ ਨਾਲ ਅਸੀਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹਾਂ। ਆਉਣ ਵਾਲੇ ਸਮੇਂ ਵਿਚ ਵੀ ਸਾਡੀ ਕੋਸ਼ਿਸ਼ ਕਰੇਗੀ ਕਿ ਪਾਠਕਾਂ ਵੱਲੋਂ ਭੇਜੇ ਜਾਂਦੇ ਸੁਝਾਵਾਂ ਨੂੰ ਅਮਲੀ ਰੂਪ ਦਿੱਤਾ ਜਾਵੇ ਅਤੇ ਉਨ੍ਹਾਂ ਦੀਆਂ ਆਸਾਂ ’ਤੇ ਪੂਰੇ ਉਤਰੀਏ। ਇਸ ਉਮੀਦ ਨਾਲ ਇਕ ਵਾਰ ਫਿਰ ਸ਼ੋਸ਼ਲ ਮੀਡੀਆ ਅਤੇ ਪ੍ਰਿੰਟ ਕਾਪੀ ਪੜ੍ਹਨ ਵਾਲੇ ਸਮੂਹ ਪਾਠਕਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ।

**-ਦਲਜੀਤ ਸਿੰਘ ਰਤਨ**

**(ਕੋਆਰਡੀਨੇਟਰ)**

ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 17
ਅਕਤੂਬਰ-ਦਸੰਬਰ 2017

**ਸਰਪ੍ਰਸਤ :**

ਡਾ. ਕਰਮਜੀਤ ਸਿੰਘ ਨਡਾਲਾ
ਰਮੇਸ਼ ਚੰਦਰ ਗਾਂਧੀ

**ਮੁੱਖ ਸੰਪਾਦਕ :**

ਡਾ. ਜਸਵੰਤ ਬੇਗੋਵਾਲ

**ਸੰਪਾਦਕ :**

ਸਤਵਿੰਦਰ ਬੇਗੋਵਾਲੀਆ
98154-65620

**ਸਹਿ ਸੰਪਾਦਕ**

ਰਤਨ ਟਾਹਲਵੀ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ
ਬਬਲਾ ਬੇਗੋਵਾਲ

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ
* ਸਤਵਿੰਦਰ ਬੇਗੋਵਾਲੀਆ,
ਵਾਰਡ ਨੰ. 2,
ਟਾਂਡਾ ਰੋਡ ਬੇਗੋਵਾਲ
(ਕਪੂਰਥਲਾ)-144621

Email :
daljit44411@yahoo.co.in

## ਇਸ ਅੰਕ ਦੇ ਲੇਖਕ

**ਸੰਪਾਦਕੀ**
ਪ੍ਰੋ. ਸਤਵਿੰਦਰ ਬੇਗੋਵਾਲੀਆ

**ਕਾਵਿ ਸੰਸਾਰ**
ਪ੍ਰੋ. ਕੁਲਵੰਤ ਔਜਲਾ, ਗੁਰਦਿਆਲ ਪੱਲ੍ਹਾ,
ਪ੍ਰੋ. ਬਲਦੇਵ ਸਿੰਘ ਵਾਲੀਆ, ਜਗਜੀਤ ਸਿੰਘ ਗੁਰਮ
ਜੇ.ਪੀ. ਸਿੰਘ ਖਰਲਾਂ ਵਾਲਾ, ਸੁਰਿੰਦਰ ਮਕਸੂਦਪੁਰੀ,
ਸਮਿੱਤਰ ਸਿੰਘ "ਦੋਸਤੋ"

**ਗਜ਼ਲ ਸੱਥ**
ਰਤਨ ਟਾਹਲਵੀ, , ਸੁਖਵਿੰਦਰ ਸਿੰਘ ਲੋਟੇ,
ਸੁਰਜੀਤ 'ਦੇਵਲ', ਜਨਪ੍ਰੀਤ ਬੇਗੋਵਾਲ,
ਮਹਿੰਦਰ ਮਾਨ, ਬਲਵਿੰਦਰ 'ਬਾਲਮ' ਗੁਰਦਾਸਪੁਰ

**ਗੀਤ ਪਟਾਰੀ**
ਕੁਲਦੀਪ ਕੌਰ ਚੱਠਾ,
ਵਰਿੰਦਰ ਸਿੰਘ ਟਾਹਲਵੀ (ਯੂ.ਐਸ.ਏ.),
ਪ੍ਰਤਾਪ 'ਪਾਰਸ' ਗੁਰਦਾਸਪੁਰੀ ਨਾਟਕ,
ਸਿਕੰਦਰ ਸਿੰਘ ਤਾਹਰਪੁਰ

**ਨਾਟਕ**
ਕਲਯੁਗ ਦੀ ਮੈਲ਼
ਕਹਾਣੀ/ਮਿੰਨੀ ਕਹਾਣੀਆਂ
ਸੁਰਿੰਦਰ ਰਾਮਪੁਰੀ, ਸੁਖਚੈਨ ਸਿੰਘ ਭੰਡਾਰੀ,
ਡਾ. ਕਰਮਜੀਤ ਸਿੰਘ ਨਡਾਲਾ, ਸੁਰਜੀਤ 'ਦੇਵਲ'
ਭੁਪਿੰਦਰ ਸਿੰਘ 'ਆਸ਼ਟ', ਭੀਮ ਸਿੰਘ ਗਰਚਾ

**ਨਿਬੰਧ**
ਡਾ. ਜਗੀਰ ਸਿੰਘ ਨੂਰ,
ਪ੍ਰੋ. ਹਮਦਰਦਵੀਰ ਨੌਸ਼ਹਿਰਵੀ,
ਸੁਖਮਿੰਦਰ ਸੇਖੋਂ (ਡਾ.)
ਸੰਦੀਪ ਕੁਮਾਰ ਦਰਦੀ

**ਸਮੀਖਿਆ**
ਪ੍ਰੋ. ਕੁਲਵੰਤ ਔਜਲਾ

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ
ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ
ਜਲੰਧਰ ਤੋਂ ਜਾਰੀ ਕੀਤਾ।



*ਸੰਪਾਦਕੀ*

# ਇਤਿਹਾਸਕ ਸਾਹਿਤ

ਇਤਿਹਾਸ ਦੇ ਕੇਤਰ ਦੀ ਪਿੱਠ ਤੇ ਤੱਥ ਖੜ੍ਹੇ ਹੁੰਦੇ ਹਨ ਜਦ ਕਿ ਮਿਥਿਹਾਸ ਲਈ ਵਿਸ਼ਵਾਸ਼ ਹੀ ਮੁੱਖ ਆਸਰਾ ਹੁੰਦਾਹੈ। ਇਤਿਹਾਸ ਲਿਖਣ ਵਾਲਿਆਂ ਲਈ ਸਰੋਤੇ ਜਾਂ ਸੋਮੇ ਇੰਨੇ ਹੀ ਮਹੱਤਵਪੂਰਨ ਹੁੰਦੇ ਹਨਸ, ਜਿੰਨੇ ਡਾਕਟਰ ਲਈ ਉਸ ਦੇ ਔਜ਼ਾਰ ਹਨ। ਡਾਕਟਰ ਔਜ਼ਾਰਾਂ ਬਿਨਾਂ ਕੋਈ ਆਪਰੇਸ਼ਨ ਨਹੀਂ ਕਰ ਸਕਦਾ। ਸਰੋਤਾਂ ਤੋਂ ਬਿਨਾਂ ਇਤਿਹਾਸ ਦਾ ਸਹੀ ਗਿਆਨ ਪ੍ਰਾਪਤ ਨਹੀਂ ਹੁੰਦਾ।

ਸਾਹਿਤ ਇਕ ਸਿਰਜਨ ਕਿਰਿਆ ਹੈ। ਕਵਿਤਾ, ਗੀਤ, ਗ਼ਜ਼ਲ, ਕਹਾਣੀ, ਨਾਟਕ ਨਾਵਲ ਅਤੇ ਸਮੀਖਿਆ ਸਾਹਿਤ ਦੀਆਂ ਮੁੱਖ ਵੰਨਗੀਆਂ ਹਨ। ਹਰ ਵੰਨਗੀ ਦਾ ਵਿਲੱਖਣ ਸਰੂਪ ਅਤੇ ਸੀਮਾਵਾਂ ਹਨ। ਜਿਥੋਂ ਤੱਕ ਇਤਿਹਾਸ ਨਾਲ ਸਬੰਧਤ ਕਿਸੇ ਚੈਪਟਰ ਨੂੰ ਸਾਹਿਤਕ ਛੂਹ ਦੇਣ ਦੀ ਗੱਲ ਹੈ, ਸਾਹਿਤਕਾਰ ਨੂੰ ਬੜੀ ਹੀ ਸਾਵਧਾਨੀ ਵਰਤਣਾ ਪਵੇਗੀ। ਵਾਦ ਵਿਵਾਦ ਪੈਦਾ ਕਰਨ ਦੀ ਥਾਂ ਢੁਕਵੀਂ ਸੈਲੀ ਅਤੇ ਮੈਟਰ ਦਾ ਖਿਆਲ ਰੱਖਣਾ ਹੀ ਪਵੇਗਾ। ਦੇਸ਼ ਭਗਤੀ ਨਾਲ ਸਬੰਧਤ ਕਾਵਿ ਰਚਨਾ ਲਗਪਗ ਹਰ ਵਰਗ ਵੱਲੋਂ ਸਵੀਕਾਰੀ ਹੀ ਜਾਂਦੀ ਹੈ। ਸ਼ਾਹ ਮੁਹੰਮਦ ਦੀ ਰਚਨਾ 'ਜੰਗਨਾਮਾ' (ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਹੋਏ ਯੁੱਧ) ਪੰਜਾਬੀਆਂ ਲਈ 19ਵੀਂ ਸਦੀ ਤੋਂ ਅੱਜ ਤੱਕ ਹਰਮਨ ਪਿਆਰੀ ਰਚਨਾ ਹੈ। ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲੋਕ ਨਾਇਕ ਦਰਸਾਇਆ ਹੈ।

ਸ਼ਾਹ ਮੁਹੰਮਦ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ (ਸੜਕਨਾਮਾ) ਦਾ ਇਤਿਹਾਸਕ ਨਾਵਲ 'ਸੂਰਜ ਦੀ ਅੱਖ' ਵਾਦ-ਵਿਵਾਦ ਦੀ ਘੁੰਮਣਘੇਰੀ 'ਚ ਹੈ। ਨਾਟਕਕਾਰ ਸਵ. ਗੁਰਸ਼ਰਨ ਸਿੰਘ ਦੇ ਜਨਮ ਦਿਵਸ ਤੇ ਚੰਡੀਗੜ੍ਹ ਵਿੱਚ ਉਕਤ ਨਾਵਲ ਸਬੰਧੀ ਕੀ ਲੇਖਕਾਂ ਨੇ ਜਿੱਥੇ ਬਲਦੇਵ ਸਿੰਘ ਦੀ ਇਸ ਰਚਨਾ ਦੀ ਪ੍ਰਸੰਸਾ ਕੀਤੀ ਉਥੇ ਮਹਾਰਾਜ ਰਣਜੀਤ ਸਿੰਘ ਦੇ ਵਿਅਕਤੀਤਵ ਪ੍ਰਤੀ ਨਕਾਰਾਤਮਿਕ ਟਿੱਪਣੀਆਂ ਕੀਤੀਆਂ। ਕੁੱਝ ਨੇ ਤਾਂ ਰਣਜੀਤ ਸਿੰਘ ਨੂੰ 'ਡਰਪੋਕ' ਬਾਦਸਾਹ ਵੀ ਕਹਿ ਦਿੱਤਾ। ਮੈਂ ਖੁਦ ਮਾਈ ਹੀਰਾਂ ਗੇਟ ਜਲੰਧਰ ਵਿਖੇ ਇਹੀ ਪੁਸਤਕ ਖਰੀਦਣ ਗਿਆ ਪਰ ਪੁਸਤਕ ਮੌਜੂਦ ਹੀ ਨਹੀਂ ਸੀ। ਅੰਗਰੇਜ਼ੀ, ਪੰਜਾਬੀ ਤੋਂ ਇਲਾਵਾ ਇਤਿਹਾਸ ਵਿੱਚ ਵੀ ਐਮ.ਏ. ਹੋਣ ਕਾਰਨ ਪੁਸਤਕ ਨੂੰ ਪੜ੍ਹਨ ਦੀ ਮੇਰੀ ਉਤਸੁਕਤਾ ਸੀ। ਰਣਜੀਤ ਸਿੰਘ ਸਬੰਧੀ ਮੈਂ ਖੁਦ ਵੀ ਦੱਸ ਤੋਂ ਵੱਧ ਪੁਸਤਕਾਂ ਦਾ ਅਧਿਐਨ ਕਰ ਚਤੁੱਕਾਹਾਂ।

ਸਾਰੇ ਇਤਿਹਾਸਕਾਰ ਇਕ ਮੱਤ ਹਨ ਕਿ ਰਣਜੀਤ ਸਿੰਘ ਇਕ ਮਿਹਨਤੀ, ਸਾਹਸੀ ਅਤੇ ਬਹਾਦਰ ਵਿਅਕਤੀ ਸੀ। ਰਣਜੀਤ ਸਿੰਘ ਦਾ ਰਾਜ ਸਹਿਣਸ਼ੀਲਤਾ ਦਾ ਰਾਜ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨੂੰ ਮੁਕੰਮਲ ਧਾਰਮਿਕ ਆਜ਼ਾਦੀ ਸੀ। ਹਿੰਦੂ ਅਤੇ ਮੁਸਲਮਾਨ ਉਸ ਦੇ ਮੰਤਰੀ ਮੰਡਲ ਵਿੱਚ ਭਰੋਸੇਯੋਗ ਵਿਭਾਗਾਂ ਦੇ ਮੁਖੀ ਸਨ। ਉਸ ਦੇ ਰਾਜ ਵਿੱਚ ਪੰਜਾਬੀਆਂ ਨੂੰ ਲਗਪਗ 40 ਸਾਲ ਸ਼ਾਂਤੀ ਦਾ ਸਮਾਂ ਨਸੀਬ ਹੋਇਆ ਅਤੇ ਲੋਕਾਂ ਦੀ ਆਰਥਿਕਤਾ ਮਜ਼ਬੂਤ ਹੋਈ। ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ। ਉਸ ਨੇ ਆਪਣੀ ਸੈਨਾ ਨੂੰ ਪੱਛਮੀ ਢੰਗ ਦੀ ਸਿਖਾਲਾਈ ਦੇ ਕੇ ਵਾਰਵਾਰ ਹਮਲਾ ਕਰਨ ਵਾਲੇ ਅਫ਼ਗਾਨਾਂ ਨੂੰ ਕਈ ਵਾਰ ਹਰਾਇਆ। ਇੰਜ ਪੰਜਾਬੀਆਂ ਦੀ ਜਾਨ ਮਾਲ ਦੀ ਰੱਖਿਆ ਕੀਤੀ। ਮਿਸਲ ਪ੍ਰਬੰਧ ਵਿੱਚ ਸੁਧਾਰ ਕਰਦੇ ਹੋਏ ਸੈਨਿਕਾਂ ਨੂੰ ਨਕਦ ਤਨਖਾਹਾਂ ਦਿੱਤੀਆਂ। ਸੈਨਿਕਾਂ ਵਿਚ ਉਹਦੀ ਹਰਮਨ ਪਿਆਰਤਾ ਸਿਖਰ ਤੇ ਸੀ। ਉਸ ਨੇ ਵਿਸ਼ਾਲ ਪੰਜਾਬੀ ਰਾਜ ਦੀ ਸਥਾਪਨਾ ਕੀਤੀ। ਜਿਸ ਵਿੱਚ ਲਾਹੌਰ, ਮੁਲਤਾਨ, ਪਿਛਾਵਰ, ਕਸੂਰ, ਕਸ਼ਮੀਰ, ਕਾਂਗੜਾ ਅਤੇ ਡੇਰਾਜਾਤ ਜਿਹੇ ਇਲਾਕੇ ਸ਼ਾਮਿਲ ਸਨ। ਇਤਿਹਾਸਕਾਰਾਂ ਨੇ ਉਸ ਦੇ ਚਰਿੱਤਰ ਵਿਚਲੇ ਔਗੁਣਾਂ ਦਾ ਵੀ ਜ਼ਿਕਰ ਕੀਤਾ ਹੈ ਜਿਵੇਂ ਉਸ ਪਾਸ ਕਈ ਸੁੰਦਰ ਇਸਤਰੀਆਂ ਸਨ ਅਤੇ ਉਹ ਅਫ਼ੀਮ ਖਾਣ ਦਾ ਵੀ ਆਦੀ ਸੀ। ਪਰ ਕੋਈ ਮਨੁੱਖ ਵੀ 'ਸੰਪੂਰਨ' ਨਹੀਂ ਹੋ ਸਕਦਾ। ਜੇ ਉਸ ਦੀ ਸ਼ਖਸੀਅਤ ਵਿੱਚ 90% ਗੁਣ ਸਨ ਤਾਂ ਇਤਿਹਾਸ ਵਿੱਚ ਉਸ ਨੂੰ ਉੱਚਾ ਦਰਜਾ ਪ੍ਰਾਪਤ ਹੈ ਅਤੇ ਉਦੀ ਤੁਲਨਾ ਨੈਪੋਲੀਅਨ ਨਾਲ ਕੀਤੀ ਗਈ ਹੈ।

ਰਣਜੀਤ ਸਿੰਘ ਜਿਹੀ ਸ਼ਖਸੀਅਤ ਸਬੰਧੀ ਨਾਵਲ ਜਾਂ ਕਹਾਣੀ ਸਿਰਜਦੇ ਵਕਤ ਸਾਵਧਾਨੀ ਵਰਤਣੀ ਪਵੇਗੀ ਕਿ ਸਿਰਜਿਆ ਹੋਇਆ ਸਾਹਿਤਕ ਚਿਹਰਾ ਉਸ ਦੇ ਇਤਿਹਾਸਕ ਚਿਹਰੇ ਨਾਲ ਕੁੱਝ ਹੱਦ ਤੱਕ ਮੇਲ ਖਾਂਦਾ ਹੋਵੇ। ਅਜਿਹੀਆਂ ਸਥਿਤੀਆਂ ਵਿੱਚ ਲੇਖਕ ਦੀ ਯੋਗਤਾ ਦੀ ਪਰਖ ਹੁੰਦੀ ਹੈ। ਬਹੁਤ ਸਾਰੇ ਇਤਿਹਾਸਕ ਪੰਜਾਬੀ ਨਾਟਕ ਰਚੇ ਗਏ ਹਨ ਜਿਨ੍ਹਾਂ ਨੂੰ ਲੱਖਾਂ ਦਰਸ਼ਕਾਂ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। 'ਜਬੈ ਬਾਣ ਲਾਗਿਯੋ', 'ਜੇਹਾ ਬੀਜੈ ਸੋ ਲੁਣੇ', 'ਮਿੱਟੀ ਅਤੇ ਆਜ਼ਾਦੀ', 'ਦਿੱਲੀ ਤੋਂ ਬਾਬਾ ਬਕਾਲਾ' ਆਦਿ ਮੇਰੇ ਰਚੇ ਇਤਹਾਸਕ ਨਾਟਕ ਹਨ ਮੰਚ ਤੇ ਇਹਨਾਂ ਨਾਟਕਾਂ ਨੂੰ ਜਿੱਥੇ ਦਰਸ਼ਕਾਂ ਦਾ ਭਰਪੂਰ ਪਿਆਰ ਅਤੇ ਉਤਸ਼ਾਹ ਪ੍ਰਾਪਤ ਹੋਇਆ, ਉਥੇ ਇਹ ਨਾਟਕ ਪੁਸਤਕ ਰੂਪ ਵਿੱਚ ਵੱਡੀ ਗਿਮਤੀ ਵਿੱਚ ਵਿਕੇ। 'ਸੂਰਜ ਦੀ ਅੱਖ' ਸੰਬੰਧੀ ਪੜ੍ਹਨ ਉਪਰੰਤ ਹੀ ਲਿਖਣਾ ਸੰਭਵ ਹੋਵੇਗਾ। ਪਰ ਇਕ ਗੱਲ ਸੱਚ ਹੈ ਕਿ ਕਿਸੇ ਵੀ ਵਿਸ਼ੇਸ਼ ਇਤਿਹਾਸਕ ਵਿਸ਼ੇ ਨੂੰ ਸਾਹਿਤਕ ਕ੍ਰਿਤ ਦਾ ਰੂਪ ਪ੍ਰਦਾਨ ਕਰਦੇ ਵਕਤ 'ਨਿੱਜ' ਤੋਂ ਜਾਇਜ਼ ਦੂਰੀ ਬਣਾਉਣੀ ਹੀ ਪਵੇਗੀ।

**-ਸਤਵਿੰਦਰ ਬੇਗੋਵਾਲੀਆ**



# ਕਾਵਿ ਸੰਸਾਰ

## ਸੁਪਨਸ਼ੀਲ ਬ੍ਰਹਿਮੰਡਾਂ

**ਪ੍ਰੋ. ਕੁਲਵੰਤ ਔਜਲਾ**

ਦੁੱਖਾਂ ਦੀਆਂ ਪੋਟਲੀਆਂ, ਬਗਲੀਆਂ, ਗੱਠੜੀਆਂ, ਗੰਢਾਂ
ਚੁੱਕ ਨਾ ਹੋਈਆਂ ਸਾਥੋਂ, ਮੁਸੀਬਤਾਂ ਤੇ ਮੁਹੱਬਤਾਂ ਦੀਆਂ ਪੰਡਾਂ
ਨਿੱਕੇ ਹੁੰਦਿਆਂ ਜੇ ਨਾ ਚੁੱਕਦੇ, ਬਾਜਰੇ ਚਰੀ ਦੀਆਂ ਪੰਡਾਂ
ਜ਼ਿੰਦਗੀ ਭਰ ਕਿੱਦਾਂ ਖੋਹਲਦੇ, ਲਫ਼ਜਾਂ ਦਰ ਲਫ਼ਜਾਂ ਦੀਆਂ ਗੰਢਾਂ
ਕਿਹੜੀ ਧਿਰ ਨੂੰ ਦੇਵਾਂ ਉਲਾਂਭੜੇ, ਕਿਸ ਕਿਸ ਸ਼ਖ਼ਸ਼ ਨੂੰ ਭੰਡਾਂ
ਹਰਫ਼ ਨਿਗਲਣ ਨੂੰ ਫਿਰਦੀਆਂ, ਫ਼ਿਰਕੂ ਵਿੱਥਾਂ ਤੇ ਵੰਡਾਂ
ਸਿਰਫ਼ ਬਦੌਲਤ ਉਹਨਾਂ ਦੀ, ਅਸੀਂ ਰੋਟੀ ਰੋਜ਼ੀ ਜੋਗੇ ਹੋਏ
ਰੱਜ ਰੱਜ ਗੁਰੂਆ ਤੋਂ ਖਾਧੀਆਂ, ਪੜ੍ਹਨ ਵੇਲੇ ਜੋ ਚੰਡਾਂ
ਜ਼ਹਿਰਾਂ ਵਾਂਗ ਨਾ ਛਿੜਕਦੇ, ਜੇਕਰ ਜ਼ਾਤਾਂ, ਕੌਮਾਂ, ਨਸਲਾਂ
ਵੰਡਣਾਂ ਨਹੀਂ ਸੀ ਦਿਲਾਂ ਨੂੰ, ਵੋਟ-ਵਿਭਾਜਿਤ ਖੰਡਾਂ
ਅੱਜ ਵੀ ਪੂਜਣਯੋਗ ਹਨ, ਨਿੱਘ ਤੇ ਮੋਹ ਦੇ ਸੂਚਕ
ਦਿੱਤੀ ਪਨਾਹ ਇਤਿਹਾਸ ਨੂੰ, ਜਿਹਨਾਂ ਵਣਾਂ, ਕਰੀਰਾਂ,ਜੰਡਾਂ
ਸਾਂਭ ਲੈਂਦੇ ਜੇ ਮੋਹ ਦੀ ਆਂਦਰ, ਬਣਦੇ ਨਾ ਖ਼ੁਦਵੰਤੇ
ਧੜਕਣ ਦੇ ਵਿੱਚ ਬਚੇ ਰਹਿਣਾ ਸੀ, ਸੁਪਨਸ਼ੀਲ ਬ੍ਰਹਿਮੰਡਾਂ
ਖੂਹ, ਟੋਭੇ, ਵਰ੍ਹਨਾਲੀਆਂ, ਰੱਕੜਾਂ, ਬੇਲਿਆਂ, ਝਾਲਾਂ
ਦਿੱਤਾ ਅੰਬਰ, ਵਰ੍ਹਨਾਲੀਆਂ, ਰੱਕੜਾਂ, ਬੇਲਿਆਂ, ਝੱਲਾਂ
ਦਿੱਤਾ ਅੰਬਰ ਉਡਣ ਲਈ, ਸਤਲੁਜ ਬਿਆਸ, ਰਾਵੀ ਦੇ ਮੰਡਾਂ
ਨਾ ਨਜ਼ਰ ਬਣ ਹੋਇਆ ਮਾਂ ਲਈ, ਨਾ ਬਾਪੂ ਲਈ ਡੰਗੋਰੀ
ਖਾ ਲਿਆ ਕਵੀ ਕੁਲਵੰਤ ਨੂੰ, ਓੜਕ ਪਾਖੰਡਾਂ

01822-235343

◆◆◆

## ਤੇਰੇ ਬਿਨ...

**ਗੁਰਦਿਆਲ ਪੱਲ੍ਹਾ**

ਮੈਂ ਇਕੱਲਾ ਨਹੀਂ ਹਾਂ
ਤੇਰੇ ਬਿਨ

ਤੈਨੂੰ ਮੁਖਾਤਿਬ ਲਿਖੀ ਕਵਿਤਾ
ਮੇਰੇ ਨਾਲ ਹੁੰਦੀ ਹੈ
ਮੇਰੇ ਕੋਲ ਹਨ
ਚਾਹਤ ਦੀਆਂ ਅੱਖਾਂ 'ਚ
ਦਰਦਾਂ ਦੇ ਉਹ ਪਰਛਾਵੇਂ
ਜਿਹਨਾਂ ਦੀ
ਆਪਣੀ ਕੋਈ ਧੜਕਣ ਨਹੀਂ ਹੁੰਦੀ
ਆਪਣਾ ਕੋਈ ਵਜੂਦ ਨਹੀਂ ਹੁੰਦਾ
ਬੇ-ਵਸ ਤੇ ਬੇਚੈਨ ਜਿਹੀ
ਜ਼ਿੰਦਗੀ ਦੀ
ਕਬਰ ਵੀ ਮੇਰੇ ਨਾਲ ਹੈ
ਜਿਸਦੇ ਅੰਦਰ ਸ਼ੂਕਦੇ ਨੇ
ਮਹਿਕਾਂ ਭਰੇ ਗੁੰਮ ਚੁੱਕੇ
ਸੁਪਨਿਆਂ ਦੇ ਅਹਿਸਾਸ
ਅਤੇ ਜਿਸ ਤੇ
ਹਉਕਿਆਂ ਵਰਗੇ ਫੁੱਲ
ਲੈ ਰਹੇ ਹਨ ਸਿਸਕੀਆਂ
ਤੇ ਸੁਲਗ ਰਿਹਾ ਹੈ
ਹਟਕੋਰਿਆਂ ਦਾ ਸ਼ੋਰ
ਅੰਤਰਮਨ ਦੇ ਗੂੰਗੇ ਆਲਮ
ਬਹੁਤ ਕੁਝ ਤੇਰਾ
ਚੇਤਿਆਂ ਦੀ ਤਪਸ਼ ਵਰਗਾ
ਕੋਲ ਹੈ ਮੇਰੇ
ਮੈਂ ਇਕੱਲਾ ਨਹੀਂ ਹਾਂ
ਤੇਰੇ ਬਿਨ.....

95924-46162

◆◆◆

## ਕਵਿਤਾ

**ਪ੍ਰੋ. ਬਲਦੇਵ ਸਿੰਘ ਵਾਲੀਆ**

ਸ਼ਹਿਰ ਨੇ ਨਿਘਲ ਲਿਆ ਹੋਣਾਂ
ਲੱਭਦਾ ਹਾਂ ਆਪਣਾ ਆਲ੍ਹਣਾ ਤੇ ਪਿਆਰਾ ਪਿੰਡ।
ਕਿੱਧਰੇ ਉਧਲ ਗਿਆ ਲਗਦਾ ਵਿਚਾਰਾ ਪਿੰਡ।



ਬੜਾ ਢੂੰਡਦਾ ਰਿਹਾ ਇਧਰ-ਉਧਰ ਟਟੋਲਦਾ,
ਅੱਡਿਆਂ, ਬਸਤੀਆਂ ਬੇਅਬਾਦ ਥਾਵਾਂ 'ਚੋਂ ਭਾਲਦਾ।
ਬੇਵਸ ਹੋ, ਉਪਰਾਮ ਹੋ ਢੂੰਡਦਾ ਤੁਰ ਪਿਆ ਸ਼ਹਿਰ ਨੂੰ
ਰਸਤੇ 'ਚ ਕਿਧਰੇ ਨਜ਼ਰ ਨਾ ਪਿਆ ਪਿਆਰਾ ਪਿੰਡ।
ਲਗਦਾ ਸ਼ਹਿਰ ਨੇ ਨਿਘਲ ਲਿਆ ਹੋਣਾ ਪਿਆਰਾ ਪਿੰਡ।
ਦਾਲ, ਫੁੱਲੀਆਂ ਮਰੂੰਡੇ, ਵਹਿੰਗੀ ਵੀ ਗਵਾ ਲਈ ਉਸਨੇ
ਬਰਗਰਾਂ, ਨਿਊਡਲਾਂ, ਕੁਲਫੀਆਂ ਨੇ ਘੇਰ ਲਿਆ ਹੋਣਾਂ ਮੇਰਾ ਪਿੰਡ,
ਗਨੇਰੀਆਂ, ਹੋਲ੍ਹਾਂ, ਘੁੰਗਣੀਆਂ ਤੇ ਆਬੂ ਚੱਬਦਾ,
ਰੋਸ਼ਨੀਆਂ ਦੇ ਸ਼ਹਿਰ 'ਚ ਉਲਝ ਗਿਆ ਲਗਦਾ ਮੇਰਾ ਪਿੰਡ,
ਗਿੱਧੇ, ਕਿੱਕਲੀਆਂ, ਟੱਪੇ ਸੱਦਾਂ ਤੇ ਹੇਕਾਂ 'ਚ ਵਿਰਚ ਜਾਂਦੇ ਜੋ
ਕਬੱਡੀਆਂ, ਘੋਲਾਂ, ਖਿੱਦੋ ਖੂੰਡੀਆਂ ਛਿੰਜਾਂ ਤੇ ਗਮਾਂ ਵੇਖਦਾ
ਦੋ ਡੰਗਾਂ ਦੀ ਰੋਟੀ ਖਾ ਕੇ ਪਰਚ ਜਾਂਦਾ ਸੀ ਮੇਰਾ ਪਿੰਡ
ਕਰਿਕਟਾਂ, ਬੈਡਮਿੰਟਨਾਂ, ਕਰੋੜਾਂ ਦੀਆਂ ਕਬੱਡੀਆਂ 'ਚ ਫਸ ਗਿਆ ਪਿੰਡ।
ਧੀਆਂ ਕੰਜਕਾਂ ਦੇ ਪੈਰ ਧੋਂਦਾ ਸੀ, ਧੀਆਂ ਪੂਜਦਾ ਸੀ
ਧੀਆਂ ਦੇ ਵਿਆਹਾਂ ਬੁੱਢਿਆਂ ਦੇ ਭੋਗਾਂ 'ਚ ਇਕ ਜੁੱਟ ਹੁੰਦਾ ਸੀ
ਹਰ ਔਰਤ ਨੂੰ ਮਾਂ ਬੇਬੇ ਕਹਿ ਸਤਿਕਾਰਦਾ ਹੁੰਦਾ ਸੀ
ਬੁੱਢੜੇ ਨੂੰ ਬਾਪੂ ਦਾ ਦਰਜਾ ਕਿਸੇ ਨੂੰ ਭੂਆ, ਮਾਸੀ ਪੁਕਾਰਦਾ ਹੁੰਦਾ ਸੀ
ਮੇਲਿਆਂ, ਸਮਾਧਾਂ, ਪੀਰਾਂ ਦੀਆਂ ਕਬਰਾਂ 'ਚ ਮੇਲੇ ਲਗਾਉਂਦਾ
ਗੀਤਾਂ ਦੇ ਸ਼ਲੋਕਾਂ 'ਚ ਰਬ ਢੂੰਡ ਲੈਂਦਾ ਢੱਠੀਆਂ ਛੰਨਾਂ 'ਚ ਹੱਸ ਆਉਂਦਾ ਸੀ
ਬੜਾ ਢੂੰਡਦਾ ਹਾਂ ਟਟੋਲਦਾ ਹਾਂ ਹਰ ਥਾਂ
ਕਿਧਰੇ ਵੀ ਨਜ਼ਰਾਂ ਨਹੀਂ ਆਉਂਦਾ ਮੇਰਾ ਆਲ੍ਹਣਾ ਤੇ ਪਿਆਰਾ ਪਿੰਡ,
ਪਸਾਰਾਂ, ਢਾਰਿਆਂ, ਝੁੱਗੀਆਂ ਤੇ ਕੋਠਿਆਂ 'ਚ ਵੱਸਦਾ ਰਿਹਾ
ਵੇਲਣੇ, ਘਹਾੜੀਆਂ 'ਚੋਂ ਗੰਡਾਂ 'ਚੋਂ ਸ਼ੱਕਰ ਗੁੜ ਤੇ ਕੱਦੋਂ ਲੱਭਦਾ
ਹੋਟਲਾਂ, ਪੈਲੇਸਾਂ, ਰੀਜ਼ਾਰਟਾਂ 'ਚ ਫਸ ਗਿਆ ਮੇਰਾ ਪਿੰਡ
ਧਰਤੀ ਨੂੰ ਮਾਂ ਕਹਿੰਦਾ ਵੇਚ-ਵੇਚ ਖਾਈ ਜਾਂਦਾ ਏ ਬਚਦੇ ਸਿਆੜ ਵੀ
ਲੁਕਣਮੀਟੀ, ਬਾਰਾਂ ਟਾਹਣੀ ਤੇ ਅੱਡਾ ਖੱਡਾ ਖੇਡਦਾ ਹੁੰਦਾ ਸੀ
ਸ਼ਰਾਬਖਾਨਿਆਂ ਠੇਕਿਆਂ ਬਾਰਾਂ ਨੇ ਖਾ ਲਿਆ ਲਗਦਾ ਮੇਰਾ ਪਿੰਡ
ਤੁਰ ਕੇ, ਟੋਲੀਆਂ 'ਚ, ਯਾਰਾਂ ਦੀਆਂ ਢਾਣੀਆਂ 'ਚ ਮੇਲੇ ਸੀ ਵੇਖਦਾ
ਕਲੱਬਾਂ, ਹਵੇਲੀਆਂ ਹੋਟਲਾਂ 'ਚ ਫਸ ਗਿਆ ਮੇਰਾ ਪਿੰਡ
ਮਾਂ ਭੈਣ ਭੂਆ ਦੇ ਰਿਸ਼ਤੇ ਗਵਾਚ ਗਏ ਕਿਧਰੇ
ਮੰਮਾਂ, ਆਂਟੀਆਂ ਅੰਕਲਾਂ, ਦਾਦੂਆਂ ਨੇ ਖਾ ਲਿਆ ਮੇਰਾ ਪਿਡੰ
ਮੋਟਰਾਂ, ਬੱਸਾਂ ਕਾਰਾਂ ਤੋਂ ਹੇਠਾਂ ਨਹੀਂ ਇਹ ਉਤਰਦਾ

ਡੀਜ਼ਲ-ਤੇਲ ਦੀ ਮਹਿੰਗਾਈ ਨੇ ਖਾ ਲਿਆ ਮੇਰਾ ਪਿੰਡ
ਦੀਵਿਆਂ ਦੀ ਚਿਰਾਗਾਂ ਦੀ ਰੋਸ਼ਨੀ 'ਚ ਸਦਾ ਪਰਚਿਆ ਰਹਿੰਦਾ ਸੀ
ਨਹਿਰਾਂ, ਡੈਮਾਂ ਤੇ ਰੋਸ਼ਨੀਆਂ ਨੇ ਨਿਘਲ ਲਿਆ ਏ ਮੇਰਾ ਪਿੰਡ।
ਗੋਹੇ ਦੀ ਰੂੜੀ ਖੇਤਾਂ 'ਚ ਪਾ ਕੇ ਫਸਲਾਂ ਉਗਾ ਲੈਂਦਾ ਸੀ
ਖਾਦਾਂ, ਦਵਾਈਆਂ ਤੇ ਮਚੈਟੀਆਂ ਨੇ ਖਾ ਲਿਆ ਮੇਰਾ ਪਿੰਡ,
ਲੱਭਦਾ ਹਾਂ ਆਪਣਾ ਆਲ੍ਹਣਾ ਤੇ ਪਿਆਰਾ ਪਿੰਡ,
ਉੱਧਲ ਗਿਆ ਜਾਂ ਸ਼ਹਿਰ ਨੇ ਨਿਘਲ ਲਿਆ ਵਿਚਾਰਾ ਪਿੰਡ।

**ਪਿੰਡ ਤੇ ਡਾਕ ਨਡਾਲਾ, ਕਪੂਰਥਲਾ** (98155-32194)

◆◆◆

# ਮਖੌਟੇ

**ਜਗਜੀਤ ਸਿੰਘ ਗੁਰਮ**



ਮੈਂ
ਅੰਦਰੋਂ ਹੋਰ ਹਾਂ
ਬਾਹਰੋਂ ਹੋਰ
ਲੋੜ ਮੁਤਾਬਕ
ਮਖੌਟੇ ਬਦਲਦਾ
ਕਦੇ
ਲਾਲਚੀ, ਸੁਆਰਥੀ
ਵਹਿਸ਼ੀ ਦਰਿੰਦੇ
ਤੋਂ ਵੀ
ਅਗਾਹ
ਹਵਸ ਦਾ ਮਾਰਿਆ
ਧਾਰਨ ਕਰਦਾ ਹਾਂ
ਸ਼ਰਾਫ਼ਤ ਭਰਿਆ
ਮਖੌਟਾ।
ਪਰਾਏ ਆਪਣੇ
ਆਪਣੇ ਪਰਾਏ
ਕੁਝ ਵੀ ਨਹੀਂ ਦਿੱਸਦਾ
ਕੁਝ ਵੀ ਨਹੀਂ ਸੁੱਝਦਾ
ਸਿਵਾਏ
ਆਪਣੇ ਆਪ ਤੋਂ



ਮੈਂ
ਹਰ ਪਲ
ਬਦਲਦਾ ਹਾਂ
ਮਖੌਟੇ।

ਮੋ- 99147-01668

*ਕਵਿਤਾ*

# ਅਜ਼ੀਬ

**ਜੇ.ਪੀ. ਸਿੰਘ ਖਰਲਾਂ ਵਾਲਾ**

ਅਜ਼ੀਬ ਲਗਦਾ ਚਾਨਣੀ ਦਾ ਹਨੇਰੇ ਕੋਲ ਰੁਕ ਜਾਣਾ।
ਸਾਜ਼ਿਸ਼ ਹੈ ਕੋਈ ਸੂਰਜ ਦਾ ਦੁਪਹਿਰੇ ਛੁਪ ਜਾਣਾ।

ਸੁਫਨੇ ਜਵਾਨ ਹੋਣ ਨੀ ਦੇਣੇ ਇੱਥੇ ਲੋਕਾਂ ਨੇ।
ਮਾਸੂਮ ਸੁਪਨਿਆਂ ਨੂੰ ਦੋਖੀਆਂ ਵੱਢ ਟੁੱਕ ਜਾਣਾ।

ਕ੍ਰਿਪਾਨਾਂ ਦਾ ਕੰਮ ਜੋੜਨਾਂ ਨਹੀਂ ਸਿਰ ਵੱਢਣਾ ਹੁੰਦਾ।
ਸਹਿਮੀਆਂ ਕਲਮਾਂ ਕੋਲ਼ੋ ਲਿਖਣਾ ਛੁੱਟ ਜਾਣਾ।

ਬੰਬਾਂ ਦੇ ਬੋਹਲ ਤੇ ਬੈਠਾ ਹਰ ਬੰਦਾ ਜਾਪੇ
ਮੱਜਹਬਾਂ ਦੇ ਝੰਜ਼ਟ ਵਿੱਚ ਮੁਲਕਾਂ ਮੁਕ ਜਾਣਾ।

ਹਰ ਗਲੀ ਤੋਂ ਗੂੰਜਦੀ ਵੈਣਾਂ ਦੀ ਅਵਾਜ਼
ਮੌਤ ਦਾ ਟੋਇਆਂ ਹਾਕਮਾਂ ਹਰ ਘਰ ਪੁੱਟ ਜਾਣਾ।

ਕਾਂ ਦੇ ਕਹਿਣ ਤੇ ਕਬੂਤਰ ਵੀ ਕਾਂ ਕਾਂ ਕਰਦਾ।
ਵਿਚਾਰੀਆਂ ਚਿੜੀਆਂ ਦਾ ਸਬਰ ਟੁੱਟ ਜਾਣਾ।

ਦਰਜ਼ਾ ਪੱਥਰਾਂ ਨੂੰ ਪਿਉ ਤੇ ਗਾਵਾਂ ਨੂੰ ਮਾਵਾਂ ਦਾ
ਪਖੰਡੀਆਂ ਨੇ ਸ਼ਨੀ ਦੇ ਗੇੜੇ 'ਚ ਸਾਨੂੰ ਲੁੱਟ ਜਾਨਾ।

ਰੱਬ ਦਾੜ੍ਹੀ 'ਚ ਰਹਿੰਦਾ ਜਾਂ ਬਿਨਾਂ ਦਾੜ੍ਹੀ ਤੋਂ
ਤਰਕਸ਼ੀਲਾਂ ਨੇ ਭੇਦ ਸਾਰਾ ਆਖ਼ਿਰ ਚੁੱਕ ਜਾਨਾ।

ਦੋਹਾਂ ਦੇਸ਼ਾਂ ਦੀ ਜੰਗ ਵਿੱਚ ਲੀਡਰ ਦਾ ਕੀ ਜਾਂਦਾ
ਜਦੋਂ ਜਾਣਾ ਤੇਰਾ ਮੇਰਾ ਗੱਭਰੂ ਪੁੱਤ ਜਾਣਾ।

ਹੌਂਸਲੇ ਬੁਲੰਦ ਨੇ ਅੱਜ ਕੱਲ ਬੇ ਰੁਜ਼ਗਾਰਾਂ ਦੇ
ਗੁੱਸਾ ਵਕਤ ਤੇ ਵੋਟਰਾਂ ਦਾ ਫੁੱਟ ਜਾਣਾ।

ਰੱਖ ਦਿੰਦਾਂ ਹਿਰਦਾ ਮੁਦੱਈਆਂ ਦਾ ਹਲੂਣ ਕੇ
ਅਦਾਲਤਾਂ ਦਾ ਦੋਸ਼ੀਆਂ ਵੱਲ ਨੂੰ ਝੁਕ ਜਾਣਾ।

ਕਿਰਤੀ ਦਾ ਬੁੱਤ ਚੌਂਕ 'ਚ ਕਿਉਂ ਨੀ ਲਗਦਾ
ਹਾਕਮ ਦੇ ਕਰਿੰਦਿਆਂ ਲਾ ਕੇ ਹਾਕਮ ਦਾ ਬੁਤਜਾਣਾ

ਤਾਰੇ ਨਹੀਂ ਚੜੇ ਤਾਂ ਜੇ.ਪੀ. ਤਾਹਨੇ ਨਾ ਮਾਰ
ਦਿਨ ਚੜਦਿਆਂ ਖਰਲਾਂਵਾਲਿਆਂ ਹਨੇਰੇ ਲੁਕ ਜਾਣਾ।

**ਵਾਰਡ ਨੰ. 1**
**ਜੇਲ੍ਹ ਰੋਡ, ਗੁਰਦਾਸਪੁਰ।**
98882-18022

◆◆◆

*ਨਜ਼ਮ*

## ਚੌਗਿਰਦਾ

**ਸੁਰਿੰਦਰ ਮਕਸੂਦਪੁਰੀ**



ਜਦੋਂ ਸ਼ਹਿਰ ਵਾਲੇ ਘਰ ਦੀ ਛੱਤ ਉੱਪਰ ਘੁੰਮਦਾ
ਚੌਗਿਰਦਾ ਨਿਹਾਰਦਾ ਹਾਂ
ਚਾਰ-ਚੁਫੇਰੇ ਉੱਸਰੇ ਘਰ
ਘਰ ਨਹੀਂ ਇੱਟਾਂ ਪੱਥਰਾਂ ਦੇ ਮਕਾਨ ਦਿਖਾਈ ਦੇਂਦੇ ਹਨ
ਰੌਕ ਗਾਰਡਨ ਵਿਚਲੀਆਂ ਬੇਜਾਨ ਪੱਥਰ-ਮੂਰਤੀਆਂ ਜੇਹੇ
ਬੱਚਿਆਂ ਦੀਆਂ ਮਾਸੂਮ ਕਿਲਕਾਰੀਆਂ
ਗੱਭਰੂਆਂ/ਮੁਟਿਆਰਾਂ ਦੇ ਨਿਰਛਲ-ਨਿਰਵੈਰ
ਹਾਸਿਆਂ-ਠੱਠਿਆਂ ਤੋਂ ਸੱਖ਼ਣੇ
ਸਿਆਣਿਆਂ ਬਜ਼ੁਰਗਾਂ ਦੀਆਂ ਨਸੀਹਤਾਂ ਤੋਂ ਵਾਂਝੇ।
ਚਹੁੰਪਾਸੀਂ ਛਾਈ ਸੁੰਨਸਾਨ
ਬੇਚੈਨ ਮਨ ਨੂੰ ਝੰਜੋੜਦੀ ਹੈ
ਪਦਾਰਥਵਾਦੀ ਰਿਸ਼ਤਿਆਂ ਦੀ ਬੇਰੁਖ਼ੀ
ਅਪਣੱਤ ਦੀ ਤੰਦ ਨੂੰ ਤੋੜਦੀ ਹੈ।

ਸ਼ਾਂਤ ਹਵਾ ਦੇ ਬੁਲਿਆਂ ਵਾਂਗ
ਗੁਜ਼ਰ ਜਾਂਦੇ ਹਨ ਹਮਰਾਹੀ ਚੁਪਕੇ-ਚੁਪਕੇ



ਗੁੰਮ ਸੁੰਮ ਤੇ ਉਦਾਸ ਚਿਹਰੇ
ਬਨਾਉਟੀ ਮੁਸਕਰਾਹਟ ਦੇ ਮਖੌਟੇ ਵਿਚ
ਆਪਣੀ ਹਉਮੈਂ ਨੂੰ ਲੁਕੋਈ।
ਜਾਂ ਕਾਲੇ ਸ਼ੀਸ਼ੇ ਵਾਲੀਆਂ
ਮੋਟਰ ਗੱਡੀਆਂ 'ਚ ਬੈਠ
ਕੰਨ ਪਾੜਵੇਂ ਪ੍ਰਦੂਸ਼ਣ 'ਚ ਵਾਧਾ ਕਰਦੇ
ਹੋ ਜਾਂਦੇ ਨੇ ਹਵਾ ਤੋਂ ਹਨੇਰੀ
ਚੌਗਿਰਦੇ ਤੋਂ ਅੱਖਾਂ ਚੁਰਾਉਂਦੇ
ਜਾਂ ਦੋਸ਼ੀ ਚੁੱਪ ਨੂੰ ਜੱਗ ਤੋਂ ਛੁਪਾਉਂਦੇ।

ਮਾਨਸਿਕ ਸਕੂਨ ਸੁੱਖ ਸ਼ਾਂਤੀ ਦੀ ਭਾਲ ਵਿਚ
ਗੁਰੂ ਘਰਾਂ ਨੂੰ ਜਾਂਦੇ ਹਨ ਸ਼ਰਧਾਲੂ
ਦੋ ਰੁਪਏ ਦਾ ਸਿੱਕਾ ਭੇਟ ਕਰਕੇ
ਲੱਖਾਂ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ
ਅਰਦਾਸਾਂ/ਅਰਜ਼ੋਈਆਂ ਕਰਦੇ
ਰੱਬ ਦੇ ਘਰ 'ਤੇ ਹੱਕ ਜਤਾਉਂਦੇ
ਗੁਰੂ ਨਾਨਕ ਸਾਹਿਬ ਦੇ ਪਵਿੱਤਰ ਫ਼ੁਰਮਾਨ-
'ਗੱਲੀ ਅਸੀਂ ਚੰਗੀਆ, ਆਚਾਰੀ ਬੁਰੀਆਹ
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ॥'
ਦੇ ਅਧਿਆਤਮਿਕ ਸੱਚ ਤੋਂ ਬੇਖ਼ਬਰ
ਜਾ ਸਿਮਟਦੇ ਹਨ
ਮੁੜ ਆਪਣੇ ਘਰ-ਪਰਿਵਾਰ ਵਿਚ
ਆਪਣੇ ਸਿਰਜੇ ਸੀਮਤ ਸੰਸਾਰ ਵਿਚ।

ਤੇ ਫਿਰ ਇਹਨਾਂ ਅਖਾਉਤੀ
ਘਰਾਂ/ਮਕਾਨਾਂ/ਕੋਠੀਆਂ ਦੇ ਬੰਦ ਬੂਹੇ/ਦਰਵਾਜ਼ਿਆਂ 'ਤੇ
ਮਹਿਮਾਨ ਨਿਵਾਜੀ ਹਿੱਤ ਉੱਕਰੇ ਸਤਿਕਾਰਤ ਸ਼ਬਦ-
'ਜੀ ਆਇਆਂ ਨੂੰ-ਹਾਰਦਿਕ ਸਵਾਗਤ
ਖੁਸ਼ਆਮਦੀਦ-ਸ਼ੁੱਭ ਆਗਮਨ'
ਵਿਰੋਧੀ ਸੁਰ ਅਲਾਪਦੇ
ਅਰਥ ਵਿਹੂਣੇ ਜਾਪਦੇ
ਅਲਵਿਦਾ-ਅਲਵਿਦਾ ਕਹਿੰਦੇ ਪ੍ਰਤੀਤ ਹੁੰਦੇ ਹਨ
ਸਮਾਜਿਕ ਸਰੋਕਾਰ ਜਿਵੇਂ ਬੀਤੇ ਦੀ ਗੀਤ ਹੁੰਦੇ ਹਨ।

ਹੁਣ ਸੰਵੇਦਨਸ਼ੀਲਤਾ ਤੋਂ
ਤਰਕਸ਼ੀਲਤਾ ਦਾ ਸਫ਼ਰ ਤੈਅ ਕਰਦੀ
ਮੇਰੀ ਸਾਹਿਤਕ ਸੋਚ
ਸਵੈ-ਸੰਵਾਦ ਰਚਾਉਂਦੀ ਹੈ
ਆਪਣਾ ਆਪਾ ਪ੍ਰਗਟਾਉਂਦੀ ਹੈ-
ਜਿੰਦੇ ਨੀ ਇਸ ਬਸਤੀ ਵਿਚ
ਨਾ ਕੋਈ ਤੇਰਾ-ਨਾ ਕੋਈ ਮੇਰਾ
ਹਮਸਫ਼ਰ-ਹਮਰਾਜ਼
ਤੜਪ-ਤੜਪ ਕੇ ਮਰ ਨਾ ਜਾਵਣ
ਦਿਲ ਅੰਦਰ ਅਰਮਾਨ
ਚੱਲ ਆਪਾਂ ਹੀ ਇਕ ਦੂਜੇ ਦੇ
ਬਣ ਜਾਈਏ ਮਾਣ-ਮੱਤੇ ਮਹਿਮਾਨ।

**234, ਸੁਦਰਸ਼ਨ ਪਾਰਕ ਮਕਸੂਦਾਂ, ਜਲੰਧਰ**
ਮੋ. 9988710234

◆◆◆

## ਵਿਕਾਸ ਕਿ ਵਿਨਾਸ਼?

ਜੇ ਦੇਸ਼ ਦੇ ਹਰ ਇਕ ਨਾਗਰਿਕ ਦਾ ਚਿਹਰਾ ਉਦਾਸ ਹੈ।
ਫਿਰ ਇਹ ਕੇਹੀ ਹੈ ਤਰੱਕੀ ਤੇ ਇਥੇ ਕਿਹੜਾ ਵਿਕਾਸ ਹੈ।
ਘਬਰਾ ਕੇ ਮੁਸ਼ਕਿਲਾਂ ਤੋਂ ਜੋ ਆਦਮੀ ਪਿੱਛੇ ਹੋ ਗਿਆ,
ਫਿਰ ਤਾਂ ਪੱਕਾ ਯਕੀਨ ਹੈ ਕਿ ਉਸ ਦਾ ਵਿਨਾਸ਼ ਹੈ।
ਜੋ ਤੇਰੇ ਕੋਲ ਅੱਜ ਹੈ, ਉਹ ਕੱਲ ਨਹੀਂ ਰਹੇਂਗਾ,
ਫਿਰ ਹੰਕਾਰ ਦੇ ਵਿੱਚ ਕਿਉਂ ਗਰੀਬ ਤੇ ਕੱਢਦਾ ਭੜਾਸ ਹੈ।
ਨੇਤਾ ਬਣਕੇ ਉਸ ਦਾ ਨਿਸ਼ਾਨਾ ਹੈ ਲੋਕਾਂ ਨੂੰ ਲੁੱਟਣਾ,
ਜਿਸ ਨੇ ਨੇਤਾ ਬਣਕੇ ਵਿਖਾਇਆ, ਉਹ ਸਾਡਾ 'ਸੁਭਾਸ਼' ਹੈ।
ਕੀ ਹੈ ਇਹ ਦਿਲ-ਲਗੀ ਤੇ ਕਿਹੋ-ਜਿਹਾ ਹੈ ਮਜ਼ਾਕ,
ਜੋ ਹਮੇਸ਼ਾ ਸੀ ਨਾਲ ਰਹਿੰਦਾ, ਅੱਜ ਉਸ ਦੀ ਤਲਾਸ਼ ਹੈ।
ਇੱਜ਼ਤ ਮਿਲੇ ਜਾਂ ਨਾ ਮਿਲੇ 'ਪੱਤੋ' ਨੂੰ ਭਾਵੇਂ ਦੋਸਤੋ,
ਲੁੱਟੇ ਜਾਣ ਵਾਲਿਆਂ ਸੰਗ ਖੜਨਾ, ਇਹੀ ਉਸਨੂੰ ਰਾਸ ਹੈ।

**ਪਿੰਡ + ਡਾਕ ਪੱਤੋ ਹੀਰਾ ਸਿੰਘ,**
**ਜ਼ਿਲ੍ਹਾ ਮੋਗਾ**

◆◆◆



## ਜ਼ਿੰਦਗਾ ਦੇ ਫੈਸਲੇ

ਜ਼ਿੰਦਗੀ ਦੇ ਫੈਸਲੇ ਹੋਕਿਆਂ ਨਾਲ ਨਹੀਂ ਹੋਇਆ ਕਰਦੇ,
ਮਰਦ ਅਗੰਬੜੇ ਇਕ ਵਾਰ ਮਰਦੇ ਨੇ, ਵਾਰ-ਵਾਰ ਨਹੀਂ ਮੋਇਆ ਕਰਦੇ।
ਮਜ਼ਲੂਮਾਂ, ਬੇਸਹਾਰਿਆਂ ਤੇ ਜਦ ਜ਼ੁਲਮ ਦੀ ਹਨ੍ਹੇਰੀ ਝੁਲਦੀ ਹੈ।
ਮਰਜੀਵੜੇ ਇਹ ਜ਼ੁਲਮ ਵੇਖ ਤੇ ਚੁੱਪ ਨਹੀਂ ਹੋਇਆ ਕਰਦੇ।
ਕਦੇ ਕਦੇ ਸ਼ਿਕਾਰ ਹੋ ਜਾਂਦੇ ਹਨ ਜ਼ਾਲਮਾਂ ਦਾ ਫਿਰ ਵੀ
ਪਹਾੜਾਂ ਵਾਂਗ ਅਡਿੱਗ ਰਹਿੰਦੇ ਨੇ ਹੰਝੂ ਨਹੀਂ ਰੋਇਆ ਕਰਦੇ।
ਮਿਟਾ ਲੈਂਦੇ ਨੇ ਸਰਬੰਸ ਤੇ ਸਭ ਕੁਝ ਸੰਸਾਰ ਤੋਂ ਆਪਣਾ,
ਫਿਰ ਵੀ ਧੀਰਜ ਰੱਖਦੇ ਨੇ, ਹੌਂਸਲੇ ਨਹੀਂ ਖੋਇਆ ਕਰਦੇ।
ਰੁੱਤਾਂ ਬਦਲਦੀਆਂ ਨੇ, ਮੌਸਮ ਬਦਲਦੇ ਨੇ ਪਰ ਇਹ ਨਹੀਂ ਬਦਲਦੇ,
ਸੂਰਜ ਵਾਂਗ ਚਮਕਦੇ ਨੇ, ਹਨ੍ਹੇਰਾ ਨਹੀਂ ਹੋਇਆ ਕਰਦੇ।
ਜ਼ਿੰਦਗੀ 'ਚੋਂ ਵਹਿਮਾਂ ਭਰਮਾਂ ਨੂੰ ਕੁੱਟ ਸੁੱਟਦੇ ਨੇ ਜੜ੍ਹਾਂ ਤੋਂ,
ਮਨੁੱਖ ਲਈ ਚਿਰਾਗ ਹੋਇਆ ਕਰਦੇ, ਹਨ੍ਹੇਰਾ ਨਹੀਂ ਹੋਇਆ ਕਰਦੇ।
"ਦੋਸਤੋ" ਇਹ ਲੋਕ ਜੋ ਕਹਿੰਦੇ ਨੇ ਉਹ ਕਰ ਦਿਖਾਉਂਦੇ ਨੇ,
ਜਦ ਕਦਮ ਵਧਾ ਲੈਂਦੇ ਨੇ ਫਿਰ ਪਿੱਛੇ ਨਹੀਂ ਹੋਇਆ ਕਰਦੇ।

**ਸਮਿੱਤਰ ਸਿੰਘ "ਦੋਸਤ"**
142, **ਦਸ਼ਮੇਸ਼ ਨਗਰ**
**ਖਰੜ** (ਮੋਹਾਲੀ)
92562-92764

◆◆◆

## ਆਰਥਿਕ ਸਹਾਇਤਾ

1. ਤਰਸੇਮ ਸਿੰਘ, ਬੱਸੀ ਕਰਿਆਨਾ ਸਟੋਰ ਬੇਗੋਵਾਲ = 200/-
2. ਕਰਨੈਲ ਸਿੰਘ ਪੁੱਤਰ ਜਸਵੰਤ ਸਿੰਘ, ਪਹਾੜੀਆ ਸਵੀਟ ਸ਼ਾਪ ਬੇਗੋਵਾਲ = 200/-
3. ਪਰਵਿੰਦਰ ਸਿੰਘ ਬੰਟੀ ਪ੍ਰਧਾਨ ਸੰਤ ਪ੍ਰੇਮ ਸਿੰਘ ਸਪੋਰਸਟ ਕਲੱਬ ਸਰੂਪਵਾਲ = 200/-
4. ਬਲਵਿੰਦਰ ਸਿੰਘ, ਮੁਲਤਾਨੀ ਮੈਡੀਕਲ ਸਟੋਰ ਬੇਗੋਵਾਲ = 200/-
5. ਡਾ. ਮਨਜੀਤ ਸਿੰਘ ਮਹਿਤਾ ਡੈਂਟਲ ਕਲੀਨਿਕ ਬੇਗੋਵਾਲ = 200/-

# ਗ਼ਜ਼ਲ ਸੱਥ

## ਇੱਕ ਅਗ਼ਜ਼ਲ/ਛੇਵਾਂ ਦਰਿਆ

**ਰਤਨ ਟਾਹਲਵੀ**



ਜੋਸ਼ ਜਵਾਨੀ ਨੂੰ ਸਰਕਾਰੋਂ ਖਵਰੇ ਕੀ ਕੁਝ ਲਗ ਗਿਐ।
ਚੌਂਕ ਚੁਰਸਤੇ, ਪਿੰਡ ਨਗਰ ਵਿੱਚ ਛੇਵਾਂ ਦਰਿਆ ਵਗ ਗਿਐ।

ਅਰਥੀ ਤੱਕ ਕੇ ਲੋਕੀਂ ਕਹਿੰਦੇ, ਇਹ ਆਦਮ ਨਸ਼ੇੜੀ ਸੀ,
ਘਰ ਦੇ ਅਤੇ ਸੁਹਿਰਦ ਲੋਕੀਂ, ਕਹਿੰਦੇ ਪਿੰਡ ਦਾ ਨਗ ਗਿਐ।

ਨੋਟ ਵੋਟ ਦੋ ਸਕੇ ਭਾਈਆਂ, ਠਾਣ ਲਈ ਬੇੜੀ ਡੋਬਣ ਦੀ,
ਡੁੱਬ ਗਿਆ ਹਾਂ ਏਸ ਭੰਵਰ ਵਿੱਚ ਸਾਰਾ ਜੀਵਨ ਠੱਗ ਗਿਐ।

ਬੰਨ੍ਹ ਕਤਾਰਾਂ ਅਮਲੀ ਤੁਰ ਪਏ, ਬਲਦੇ ਬੁਝਦੇ ਸਿਵਿਆਂ ਨੂੰ,
ਕੀ ਬਣੇਗਾ ਏਸ ਤਰਫ਼ ਜੇ ਸਾਰਾ ਹੀ ਤੁਰ ਜਗ ਗਿਐ।
ਸਫ਼ੈਦਪੋਸ਼ ਨੂੰ ਮਹਿਫ਼ਿਲ ਦੇ ਵਿਚ ਖ਼ਾਕੀ ਧਾਰੀ ਆਖ ਰਿਹੈ,
ਐਸੀ ਲੱਤ ਲਗਾਈ ਲੋਕਾਂ ਨੂੰ, ਰੋਗ ਅਵੱਲਾ ਲੱਗ ਗਿਐ।

ਰਤਨ ਵਰਿੰਦਰ ਨੂੰ ਮਿਲ ਪਿਆ ਸ਼ੇਖ ਅਚਾਨਕ ਠੇਕੇ 'ਚ,
ਰਿੰਦ ਸਾਕੀ ਦੀ ਗੱਲ ਕੀ ਕਰੀਏ, ਜੱਗ ਨੂੰ ਗ੍ਰਹਿਣ ਲੱਗ ਗਿਐ।

**ਪਿੰਡ ਤੇ ਡਾਕਘਰ ਟਾਹਲੀ**
(ਹੁਸ਼ਿਆਰਪੁਰ)
**ਫ਼ੋਨ** 81462-10637

◆◆◆

## ਗ਼ਜ਼ਲ

**-ਸੁਖਵਿੰਦਰ ਸਿੰਘ ਲੋਟੇ**



ਇਸ਼ਕ ਦੇ ਡੰਗੇ ਸਦਾ ਬੇ-ਮੌਤ ਹੀ ਮਰਦੇ ਰਹੇ।
ਆਸ਼ਕੀ ਜੋੜੇ ਮੁਹੱਬਤ ਫੇਰ ਵੀ ਕਰਦੇ ਰਹੇ।

ਰਾਤ ਕਾਲੀ ਸੋਚ ਕਾਲੀ 'ਤੇ ਨਸ਼ੇੜੀ ਜ਼ਿੰਦਗੀ,
ਆਪ ਨੂੰ ਹੀ ਨਾਸ ਕਰ ਉਹ ਦੁਖ ਸਦਾ ਜਰਦੇ ਰਹੇ।



ਇਸ ਜ਼ਮਾਨੇ ਵਿੱਚ ਉਜਾਲਾ ਹੁਣ ਨਹੀਂ ਦਿਸਦਾ ਕਿਤੇ,
ਇੱਜ਼ਤਾਂ 'ਤੇ ਲਾਜ ਉੱਪਰ ਪਾ ਸਦਾ ਪਰਦੇ ਰਹੇ।

ਰਿਸ਼ਤਿਆਂ ਦੀ ਸਾਖ਼ ਨੂੰ ਉਲਝਾ ਰਿਹਾ ਹੈ ਆਦਮੀ,
ਜਾਤ ਗੋਤਾਂ ਨੂੰ ਬਣਾ ਕੇ ਇਸ਼ਕ ਵਿਚ ਹਰਦੇ ਰਹੇ।

ਨਾਮ ਲੈਂਦੇ ਨੇ ਗੁਰੂ ਦਾ ਗੱਲ ਮੰਨੀ ਨਾ ਕਦੀ,
ਮਾਸ ਮੱਛੀ ਨਾਲ ਦਾਰੂ ਉਹ ਸਦਾ ਚਰਦੇ ਰਹੇ।

ਕੀ ਨਹੀਂ ਕੀਤਾ ਉਨ੍ਹਾਂ ਨੇ ਜੱਗ ਸਾਰਾ ਜਾਣਦਾ,
ਲੁੱਟ ਸਾਡਾ ਮਾਲ ਸਾਰਾ ਤੁਹਮਤਾਂ ਧਰਦੇ ਰਹੇ।

ਹੁਸਨ ਦੀ ਦੁਨੀਆਂ ਸਮੁੰਦਰ ਵਾਂਗ ਹੈ ਡੂੰਘੀ ਬੜੀ,
ਲੋਕ 'ਲੋਟੇ' ਪਿਆਰ ਦੀ ਕਿਸ਼ਤੀ ਬਣਾ ਤਰਦੇ ਰਹੇ।

319/2, **ਪ੍ਰੀਤ ਵਿਹਾਰ ਕਲੋਨੀ**
**ਧੂਰੀ** - 148024
**ਮੋਬਾਇਲ** 094177-73277

◆◆◆

## ਗ਼ਜ਼ਲ

**ਸੁਰਜੀਤ 'ਦੇਵਲ'**

ਕਰਨ ਖੁਸ਼ਾਮਦ ਨਾ ਕਦੇ, ਸਿਰੜੀ ਲੋਕ ਤਮਾਮ।
ਲੋਕਤਾ ਲਈ ਜੂਝਦੇ, ਸਾਹਾਂ ਨੂੰ ਸਲਾਮ।

ਕ੍ਰਾਂਤੀਕਾਰੀ ਰੂਹਾਂ ਨੂੰ, ਸਕੇ ਨ ਕੋਇ ਭਰਮਾ,
ਨ੍ਹੇਰੇ ਨੂੰ ਲਲਕਾਰਣਾ, ਉਹਨਾਂ ਦਾ ਪੈਗ਼ਾਮ।

ਮੰਗਿਆਂ ਮਿਲਦੀ ਮੌਤ ਨਾ, ਹੱਕ ਨਾ ਮਿਲਦੇ ਉਂਝ,
ਸੀਸ ਤਲੀ ਰੱਖ ਰਖੀਏ, ਮੱਘਦਾ ਸੰਗਰਾਮ।

ਐਵੇਂ ਨਾ ਫਿਟਕਾਰਦਾ, ਆਪਣੇ ਮੁਕੱਦਰ ਰਹਿ,
ਨਾਲ ਮੁਸ਼ੱਕਤ ਚਮਕਦੇ, ਨਸੀਬ ਸ਼ਰੇਆਮ।

ਧਰਮ ਸਥਾਨ ਉਸਾਰ ਕੇ, ਲੜਨ ਪਖੰਡੀ ਲੋਕ,
ਲੜਦੇ ਵੇਖ ਕਿਸੇ ਵੀ, ਕਦੇ ਨ ਅੱਲਾ ਰਾਮ।

ਧੂਹ ਲੈਂਦੇ ਨੇ ਗੱਦੀਓਂ, ਤਾਜ ਸਤਾਏ ਲੋਕ,
ਪਾਣੀ ਨਾ ਜੋ ਪੁੱਛਦੇ, ਚੁੱਕੀ ਫਿਰਦੇ ਜਾਮ।

ਵਾਰ ਵਾਰ ਨਾ ਜਨਮ ਇਹ, ਪਾਉਣਾ 'ਦੇਵਲ' ਤੂੰ,
ਲੋਕ ਹਿੱਤਾਂ ਤੋਂ ਵਾਰ ਕੇ, ਪਾ ਮੁਕਤੀ ਦਾ ਧਾਮ।

**ਸੁਰਜੀਤ 'ਦੇਵਲ'**
**# 10 ਬੀ/490**
**ਨੇੜੇ ਬਾਬਾ ਬਾਲਕ ਨਾਥ ਮਦਿਰ,**
**ਧੂਰੀ - 148024**
**ਮੋ. 92563-67202**

◆◆◆

## ਦਿਲ ਤੂੰ ਵਾਰਦਾ ਫਿਰਦੈਂ

**ਜਨਕਪ੍ਰੀਤ ਬੇਗੋਵਾਲ**



ਤਵਾਇਫ਼ ਆਖ ਕੇ ਮੈਨੂੰ ਦਿਨੇ ਦੁਰਕਾਰਨਾ ਫਿਰਦੈਂ।
ਤੇ ਰਾਤੀਂ ਮੇਰੀਆਂ ਗਲ਼ੀਆਂ ਦੇ ਗੇੜੇ ਮਾਰਦਾ ਫਿਰਦੈਂ।
ਮੈਂ ਤਾਂ ਟੁੱਟੇ ਦਿਲ ਤਾਈਂ ਹਮੇਸ਼ਾ ਆਸਰਾ ਦਿੱਤਾ,
ਜ਼ਰਾ ਕਰ ਹੌਂਸਲਾ ਐਵੇਂ ਤੂੰ ਕਾਹਤੋਂ ਹਾਰਦਾ ਫਿਰਦੈਂ।
ਕਿਵੇਂ ਦਾ ਧਰਮ ਹੈ ਤੇਰਾ ਕਿਵੇਂ ਦਾ ਕਰਮ ਹੈ ਤੇਰਾ ?
ਉਸੇ ਨੂੰ ਕਤਲ ਕਰ ਦਿੰਦੈਂ ਤੂੰ ਜਿਸਨੂੰ ਪਿਆਰਦਾ ਫਿਰਦੈਂ।
ਕਿਨਾਰੇ ਸਾਂਭ ਕੇ ਰੱਖਦੇ ਕਲਾਵਾ ਭਰ ਕੇ ਨੇ ਤੈਨੂੰ,
ਬੜਾ ਮੂੰਹ ਜ਼ੋਰ ਤੂੰ ਦਰਿਆ ਉਹਨਾਂ ਨੂੰ ਖ਼ਾਰਦਾ ਫਿਰਦੈਂ।
ਤੇਰਾ ਬਿਮਾਰ ਹੈ ਦਿਲ ਜਾਹ ਇਲਾਜ ਕਰਾ ਲੈ ਤੂੰ ਇਸਦਾ,
ਬਿਗਾਨੀ ਨਾਰ ਤੋਂ ਜੋ 'ਪ੍ਰੀਤ' ਦਿਲ ਤੂੰ ਵਾਰਦਾ ਫਿਰਦੈਂ।

**ਮੋ. 98769-44703**

◆◆◆

## ਜਦ ਵੀ ਕੋਈ/ਗਜ਼ਲ

**ਮਹਿੰਦਰ ਮਾਨ**

ਜਦ ਵੀ ਕੋਈ ਮੁਟਿਆਰ ਪਰਾਈ ਹੋਈ ਹੈ,
ਉਹ ਆਪਣਿਆਂ ਦੇ ਗਲ ਲਗ ਭੁੱਬੀਂ ਰੋਈ ਹੈ।
ਦਾਜ ਕੁਲਹਿਣੇ, ਨੇ ਖਬਰੇ ਕੱਲ੍ਹ ਨੂੰ ਕੀ ਕਰਨਾ,
ਅੱਜ ਇਸ ਦੇ ਹੱਥੋਂ ਧੀ ਕਰਮੇ ਦੀ ਮੋਈ ਹੈ।



ਇਕ, ਦੂਜੇ ਨਾਲ ਰਲ ਮਿਲ ਕੇ ਬਹਿਣਾ ਲੋਚਾਂ ਮੈਂ,
ਜਦ ਤੋਂ ਮੇਰੇ ਦਿਲ ਵਿੱਚੋਂ ਹਉਮੈ ਮੋਈ ਹੈ।
ਦੁੱਖਾਂ ਦਾ ਤੂਫਾਨ ਵਿਗਾੜ ਲਊ ਕੀ ਉਸ ਦਾ,
ਯਾਰੀ ਦੇ ਕਮਰੇ ਦੀ ਜੇ ਨੀਂਹ ਨਰੋਈ ਹੈ।
ਉਹ ਤੈਨੂੰ ਦੱਸ ਕੇ ਕੁਝ ਮੇਰੇ ਕੋਲ ਬਚੇ ਨਾ,
ਜਿਹੜੀ ਗੱਲ ਮੈਂ ਆਪਣੇ ਦਿਲ ਵਿਚ ਲਕੋਈ ਹੈ।
ਸਾਲਾਂ ਬੱਧੀ ਨਾ ਪੁੱਛਿਆ ਉਸ ਨੂੰ ਪੁੱਤਾਂ ਨੇ,
ਅੱਜ ਕਿਹੜੀ ਮਾਈ ਨਹਿਰ 'ਚ ਡੁੱਬ ਕੇ ਮੋਈ ਹੈ।
ਲ਼ਗਦਾ ਹੈ ਮੇਰੇ ਸ਼ਿਅਰ ਜਚੇ ਨੇ ਲੋਕਾਂ ਨੂੰ,
ਤਾਂ ਹੀ ਇਹਨਾਂ ਦੀ ਚਰਚਾ ਹਰ ਥਾਂ ਹੋਈ ਹੈ।

**ਪਿੰਡ ਤੇ ਡਾਕ ਰੱਕੜਾਂ ਢਾਹਾ**
(ਸ.ਭ.ਸ. ਨਗਰ ) 9915803554

◆◆◆

## ਗ਼ਜ਼ਲ

**ਬਲਵਿੰਦਰ 'ਬਾਲਮ' ਗੁਰਦਾਸਪੁਰ**



ਮਾਂਗ ਵਿਚ ਸੰਧੂਰ ਹੋਵੇ ਪਿਆਰ ਹੁੰਦੀਆਂ ਚੂੜੀਆਂ।
ਫਿਰ ਕਿਸੇ ਜੰਨਤ ਜਿਹਾ ਇਕਰਾਰ ਹੁੰਦੀਆਂ ਚੂੜੀਆਂ।
ਜਿਸ ਤਰ੍ਹਾਂ ਅੰਬਰ 'ਚ ਤਾਰੇ ਰੌਸ਼ਨੀ ਦੇ ਬਿੰਬ ਹਨ
ਲੜਕੀ ਦੀ ਪਹਿਚਾਣ ਸਭਿਆਚਾਰ ਹੁੰਦੀਆਂ ਚੂੜੀਆਂ।
ਚੁਪ ਦੀ ਅੰਗੀਠੀ 'ਚ ਜਿੱਦਾਂ ਕੋਲੇ ਭਖਦੇ ਨਹੀਂ
ਜੇ ਨਾ ਛਣਕਣ ਸਮਝ ਲਉ ਇਨਕਾਰ ਹੁੰਦੀਆਂ ਚੂੜੀਆਂ।
ਗੇਂਦ ਗੀਟੇ ਜਾਂ ਛਟਾਪੂ ਖੇਡਦੀਆਂ ਹੋਣ ਤਾਂ,
ਫਿਰ ਉਮਰ ਦੇ ਹਾਣ ਹੁੰਦੀਆਂ ਸਾਰ ਹੁੰਦੀਆਂ ਚੂੜੀਆਂ,
ਜਿਸ ਤਰ੍ਹਾਂ ਸੰਤੂ ਦੀ ਲੈ ਵਿਚ ਝਨਾਹਟ ਥਿਰਕਦੀ,
ਵਿਸ਼ਵ ਦੇ ਸੰਗੀਤ ਦੀ ਝਨਕਾਰ ਹੁੰਦੀਆਂ ਚੂੜੀਆਂ,
ਚਿਲਕਦੀ ਧੁਪ ਨੇ ਹੈ ਸਿੱਖਿਆ ਚਮਕਣਾ ਤੇ ਝਿਲਮਣਾ,
ਕਿਉਂਕਿ ਪ੍ਰੀਤਮ ਵਾਸਤੇ ਦਿਲਦਾਰ ਹੁੰਦੀਆਂ ਚੂੜੀਆਂ।
ਇਹ ਨੇਜੇ ਚਿੰਗਾਰੀਆਂ ਤਾਂ ਸ਼ਾਂਤ ਪੰਚ ਗੰਗਾ ਵੀ ਨੇ
ਵਕਤ ਦੇ ਇਨਸਾਫ਼ ਵਿਚ ਹਕਦਾਰ ਹੁੰਦੀਆਂ ਚੂੜੀਆਂ।
ਜੇ ਸਵੱਲੀ ਨਜ਼ਰ ਹੋਵੇ ਤਾਂ ਪਵਿੱਤਰ ਰਹਿਮਤਾਂ,
ਨਈਂ ਤਾਂ ਫਿਰ ਮਕਤਲ ਦੇ ਵਿਚ ਤਲਵਾਰ ਹੁੰਦੀਆਂ ਚੂੜੀਆਂ।
ਜੇ ਸਵੱਲੀ ਨਜ਼ਰ ਹੋਵੇ ਤਾਂ ਪਵਿੱਤਰ ਰਹਿਮਤਾਂ,

ਨਈਂ ਤਾਂ ਫਿਰ ਮਕਤਲ ਦੇ ਵਿਚ ਤਲਵਾਰ ਹੁੰਦੀਆਂ ਚੂੜੀਆਂ।
ਘਰ ਦੇ ਉਤਸਵ ਵਿਚ ਕਦੀ ਖੁਸ਼ੀਆਂ ਦੇ ਪੈਂਦੇ ਗਿੱਧੇ ਵਿੱਚ,
ਆਰ ਹੁੰਦੀਆਂ ਚੂੜੀਆਂ ਤੇ ਪਾਰ ਹੁੰਦੀਆਂ ਚੂੜੀਆਂ।
ਪਿਆਰ ਤੇ ਸਤਿਕਾਰ ਦੀ ਤਕੜੀ ’ਚ ਪੂਰਾ ਤੁਲਦੀਆਂ,
ਦਾਜ ਦੀ ਲਾਹਨਤ ਲਈ ਦੀਵਾਰ ਹੁੰਦੀਆਂ ਚੂੜੀਆਂ।
ਚੰਨ ਸੂਰਜ ਤੇ ਸਿਤਾਰੇ ਇਸ ਦਾ ਹੈ ਪ੍ਰਤੀਬਿੰਬ,
ਰੌਸ਼ਨੀ ਦਾ ਚਮਕਦਾ ਭੰਡਾਰ ਹੁੰਦੀਆਂ ਚੂੜੀਆਂ।
ਜਿਸ ਤਰ੍ਹਾਂ ਰੁੱਖ ਨਾਲ ਲੱਗੀਆਂ ਨੇ ਖਜੂਰਾਂ ਕਚੀਆਂ,
ਜਾਂ ਕਿ ਸੁੰਦਰ ਦਿਖਾ ਰਿਹਾ ਮੀਨਾਰ ਹੁੰਦੀਆਂ ਚੂੜੀਆ।
ਜਦ ਇਹ ਝਾਂਜਰ ਨਾਲ ਛਣਕਣ ਤਦ ਤਬਾਹੀ ਮੱਚਦੀ,
ਸ਼ੂਕਦੇ ਫ਼ਨੀਅਰ ਦੀ ਫਿਰ ਫੁੰਕਾਰ ਹੁੰਦੀਆਂ ਚੂੜੀਆਂ।
ਵਕਤ ਦੇ ਬਦਲਾਵ ਨੇ ਗਹਿਣਾ ਅਸਾਂ ਤੋਂ ਖੋਹ ਲਿਆ,
ਰਿਸ਼ਤਿਆਂ ਦਰ ਰਿਸ਼ਤਿਆਂ ਸੰਸਕਾਰ ਹੁੰਦੀਆਂ ਚੂੜੀਆਂ।
ਦਾਮਿਨੀ ਹੰਸਕਾਮਿਨੀ ਦੀ ਛਣਕ ਕਰਵਾਚੌਥ ਵਿੱਚ,
ਫਿਰ ਪਤੀ ਦੇ ਪਿਆਰ ਅੰਗੀਕਾਰ ਹੁੰਦੀਆਂ ਚੂੜੀਆਂ।
ਇਹਨਾਂ ਦੇ ਵਿੱਚ ਜੋ ਵੀ ਰੰਗਿਆ ਉਹ ਰੰਗੀਲਾ ਹੋ ਗਿਆ
ਖੂਬਸੂਰਤ ਜਲ ਬਿੰਬ ਮੰਝਦਾਰ ਹੁੰਦੀਆਂ ਚੂੜੀਆਂ।
ਕਦਰ ਕੀ ਕੀਮਤ ਜੇ ਹੋਵੇ ਤਾਂ ਮਜ਼ਾ ਹੈ ਜ਼ਿੰਦਗੀ,
ਦੋਸਤੀ ਤੋਂ ਬਿਨਾਂ ਸਦਾ ਬੇਕਾਰ ਹੁੰਦੀਆਂ ਚੂੜੀਆਂ।
ਗੋਰੀਆਂ ਬਾਹਾਂ ’ਚ ਆ ਕੇ ਹੀ ਨੇ ਜੰਨਤ ਬਣਦੀਆਂ,
ਉਸ ਤਰ੍ਹਾਂ ਵੇਖਣ ਨੂੰ ਤਾਂ ਬਾਜ਼ਾਰ ਹੁੰਦੀਆਂ ਚੂੜੀਆਂ।
‘ਬਾਲਮ’ ਕਿਸ ਨੂੰ ਇਹ ਡੋਬਣ ਕਿਸ ਨੂੰ ਤਾਰਨ ਕੀ ਪਤਾ,
ਜ਼ਿੰਦਗੀ ਦੇ ਵਿੱਚ ਖੇਵਨਹਾਰ ਹੁੰਦੀਆਂ ਚੂੜੀਆਂ।

ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
98158-25409

◆◆◆



# ਗੀਤ ਪਟਾਰੀ

ਕੁਲਦੀਪ ਕੌਰ ਚੱਠਾ



ਰੂਹਾਂ ਵਾਲੇ ਮੀਤ ਨਹੀਂ ਮਿਲਦੇ ਨੇ ਜੱਗ ’ਤੇ।
ਰੱਬ ਝੂਠੀ ਮਾਇਆ ਪਰਭਾਵ ਪਾਏ ਸਭ ’ਤੇ।
ਢੂੰਡ ਢੂੰਡ ਥੱਕੀ ਮਿਲੇ ਰੂਹ ਦਾ ਨਾ ਹਾਣੀ ਵੇ।
ਦਿਲ ਦੀ ਕਸਕ ਜਿਹਨੇ, ਦਿਲੋਂ ਹੋਵੇ ਜਾਣੀ ਵੇ।
ਫੈਲੇ ਹੋਏ ਵਾਸ਼ਨਾ ਦੇ ਕੀੜੇ ਸਾਰੇ ਜੱਗ ’ਤੇ।
ਰੱਬ ਝੂਠੀ ਮਾਇਆ..........।

ਕਿਹਨੂੰ ਕਿਹਨੂੰ ਦੱਸਾਂ ਤੇ ਕਿਹਦੇ ਤੋਂ ਛੁਪਾ ਲਵਾਂ।
ਦੁੱਖ ਮੇਰੇ ਐਨੇ ਕਿੰਜ ਸੀਨੇ ’ਚ ਲੁਕਾ ਲਵਾਂ।
ਹੁਣ ਤਾਂ ਭਰੋਸਾ ਬਸ ਸੱਚੇ ਸੁੱਚੇ ਰੱਬ ਤੇ।
ਰੱਬਾ ਝੂਠੀ ਮਾਇਆ...........।

ਕਰਾਂ ਮੈਂ ਖੁਲਾਸਾ ਕਿਵੇਂ ਕੱਲੀ ਕੱਲੀ ਗੱਲ ਦਾ?
ਪ੍ਰੇਮ-ਪਿਆਰ ਬਿਨਾਂ ਇਹ ਸੰਸਾਰ ਵੀ ਨਹੀਂ ਚੱਲਦਾ।
ਕਦ ਤਕ ਤੁਰੇ ਕੋਈ, ਬਿਰਹਾ ਵਾਲੀ ਅੱਗ ਤੇ।
ਰੱਬਾ ਝੂਠੀ ਮਾਇਆ.......।

‘ਚੱਠਾ’ ਤਾਈਂ ਰੱਬਾ ਹੁਣ, ਚਰਨਾਂ ਥੀਂ ਲਾ ਲਓ ਜੀ।
ਮਾੜੀ ਚੰਗੀ ਜੋ ਹੈ ਇਹਨੂੰ ਆਪਣੀ ਬਣਾ ਲਓ ਜੀ।
ਜੱਗ ਨੇ ਜਜ਼ਬਾਤ ਇਹਦੇ, ਪੈਰਾਂ ਵਿੱਚ ਮੱਧ ਤੇ।
ਰੱਬਾ ਝੂਠੀ ਮਾਇਆ........।

ਪਿੰਡ-ਗੋਬਿੰਦਪੁਰ
ਡਾਕ. ਪਾਇਲ, ਜ਼ਿਲ੍ਹਾ - ਲੁਧਿਆਣਾ, ਮੋ. 94656-52316

◆◆◆

## ਜੰਗਲ ਦੀ ਅੱਗ

ਵਰਿੰਦਰ ਸਿੰਘ ਟਾਹਲਵੀ, (ਯੂ.ਐਸ.ਏ.)

ਅੱਜ ਪੂਰਾ ਜੱਗ ਹੀ ਲੋਕੋ ਕਿਸ ਅੱਗ ਦੀ ਭੇਟਾ ਚੜ੍ਹਿਆ
ਜੰਗਲ ਦੀ ਇਸ ਅੱਗ ’ਚ ਪੈ, ਤੀਲਾ-ਤੀਲਾ ਸੜਿਆ।



ਅੱਜ ਗੁਆਂਢੀ ਦੇਸ਼ਾਂ ਦੇ ਵਿੱਚ ਮੱਚ ਗਈ ਹਾਲ ਦੁਹਾਈ।
ਸਿਰ ਧੜ ਤੋਂ ਵੱਖ ਕਰਦੇ ਵੇਖੋ ਬੰਦੇ ਬਣੇ ਕਸਾਈ।
ਹਰ ਥਾਂ ਅੱਜ ਸ਼ੀਆ ਸੁੰਨੀ, ਆਪਸ ਦੇ ਵਿੱਚ ਲੜਿਆ
ਜੰਗਲ ਦੀ ਇਸ ਗੱਲ 'ਚ ਪੈ, ਤੀਲਾ ਤੀਲਾ ਸੜਿਆ।

ਏਸ ਅੱਗ ਦਾ ਇੱਕ ਦਿਨ ਯਾਰੋ, ਸਿੱਟਾ ਨਿਕਲੂ ਮਾੜਾ।
ਇਸ ਤੋਂ ਬਚ ਨਿਕਲਣ ਦਾ ਕੋਈ ਕਰੋ ਜਲਦੀ ਹੀ ਚਾਰਾ।
ਮੈਨੂੰ ਸਮਝ ਨਹੰ ਆਉਂਦੀ, ਮਾੜਾ ਜੋਸ਼ ਬੰਦੇ ਕਿਸ ਭਰਿਆ।
ਜੰਗਲ ਦੀ ਇਸ ਅੱਗ 'ਚ ਪੈ, ਤੀਲਾ ਤੀਲਾ ਸੜਿਆ।

ਟਾਹਲੀ ਵਾਲੇ ਵਦਿਰੰਦਰ ਵੇ ਕਿੱਥੇ ਸੋਚ ਬੰਦੇ ਦੀ ਘੜ੍ਹ ਗਈ
ਦੇਖ ਕੇ ਇਉਂ ਲਗਦੈ ਜਿਵੇਂ ਜ਼ਮੀਰ ਬੰਦੇ ਦੀ ਸੜ ਗਈ।
ਅੱਜ ਰੱਬ ਦੇ ਨਾਂ 'ਤੇ ਵੇਖੋ ਕੀ ਬੰਦੇ ਨੇ ਕਰਿਆ।
ਜੰਗਲ ਦੀ ਇਸ ਅੱਗ 'ਚ ਪੈ, ਤੀਲਾ ਤੀਲਾ ਸੜਿਆ।

◆◆◆

## ਮਾਂ ਬੋਲੀ ਪੰਜਾਬੀ

**ਪ੍ਰਤਾਪ "ਪਾਰਸ" ਗੁਰਦਾਸਪੁਰੀ,**

ਡੁੱਲ-ਡੁੱਲ ਪੈਂਦਾ ਅੱਖਰਾਂ ਵਿਚੋਂ ਇਸਦਾ ਨੂਰੀ ਗੁਲਾਬੀ ਏ,
ਸ਼ਹਿਦ ਨਾਲੋਂ ਮਿੱਠੀ ਮੇਰੀ ਮਾਂ ਬੋਲੀ ਪੰਜਾਬੀ ਏ।

ਬੜੀ ਪਿਆਰੀ ਪੈਂਤੀ ਇਸ ਦੀ ਸਭ ਦੇ ਮਨ ਨੂੰ ਭਾਵੇਂ,
ਅੱਖਰ-ਅੱਖਰ ਰਸ ਦਾ ਭਰਿਆ ਰੂਹ ਵਿੱਚ ਧਸਦਾ ਜਾਵੇ,
ਇਸ ਬੋਲੀ ਨੇ ਕਿੰਨਾ ਦਿੱਤਾ ਸਾਨੂੰ ਗਿਆਨ ਕਿਤਾਬੀ ਏ-
ਸ਼ਹਿਦ ਨਾਲੋਂ ਵੀ ਮਿੱਠੀ.....।

ਵੱਖਰੇ ਜਾਣ ਪਛਾਣੇਂ ਹਰ ਥਾਂ ਇਸ ਬੋਲੀ ਦੇ ਜਾਏ,
ਹਰ ਖੇਤਰ ਵਿੱਚ ਇਸਦੇ ਪੁੱਤਰਾਂ ਟੀਸੀ ਨੂੰ ਹੱਥ ਪਾਏ,
ਦੁਨੀਆਂ ਦੇ ਹਰ ਕੋਨੇ ਦੇ ਵਿੱਚ ਜਗਦੇ ਵਾਂਗ ਮਤਾਬੀ ਏ-
ਸ਼ਹਿਦ ਨਾਲੋਂ ਵੀ ਮਿੱਠੀ......।

ਸੂਫ਼ੀ ਸੰਤ ਫ਼ਕੀਰਾਂ ਇਸ ਨੂੰ ਗੋਦੀ ਲਾਡ ਲਡਾਇਆ,
ਇਸਦੇ ਸ਼ਾਇਰਾਂ ਤੇ ਫ਼ਨਕਾਰਾਂ ਇਸਦਾ ਮਾਣ ਵਧਾਇਆ,



ਐਵੇਂ ਤਾਂ ਨਹੀਂ ਬਣ ਗਈ ਇਹਦੀ ਇਹ ਜੋ ਟੌਹਰ ਨਵਾਬੀ ਏ-
ਸ਼ਹਿਦ ਨਾਲੋਂ ਵੀ ਮਿੱਠੀ......।

ਇਸ ਬੋਲੀ ਵਿਚ ਬਾਬੇ ਨਾਨਕ ਨੇ ਜਦ ਲਿਖਤੀ ਬਾਣੀ,
ਇਹ ਬੋਲੀ ਫਿਰ ਉਸ ਦਿਨ ਤੋਂ ਹੀ ਬਣ ਗਈ ਏ ਪਟਰਾਣੀ,
ਮਰਦਾਨੇ ਨੇ ਇਸ ਬੋਲੀ ਵਿੱਚ ਛੇੜੀ ਤਾਰ ਰੁਵਾਬੀ ਏ-
ਸ਼ਹਿਦ ਨਾਲੋਂ ਵੀ ਮਿੱਠੀ........।

"ਪਾਰਸ" ਆਖੇ ਆਜੋ ਸਾਰੇ ਅੱਜ ਤੋਂ ਕਸਮਾਂ ਖਾਈਏ,
ਮਾਂ ਪੰਜਾਬੀ ਬੋਲੀ ਦਾ ਇਹ ਰੁੱਤਬਾ ਹੋਰ ਵਧਾਈਏ,
ਦੁਸ਼ਮਣ ਨੂੰ ਵੀ ਮੋਮ ਬਣਾਦੇ ਤਾਕਤ ਬੇ-ਹਿਸਾਬੀ ਏ-
ਸ਼ਹਿਦ ਨਾਲੋਂ ਵੀ ਮਿੱਠੀ......।

ਡੁੱਲ-ਡੁੱਲ ਪੈਂਦਾ ਅੱਖਰਾਂ ਵਿਚੋਂ ਇਸਦਾ ਨੂਰ ਗੁਲਾਬੀ ਏ,
ਸ਼ਹਿਦ ਨਾਲੋਂ ਵੀ ਮਿੱਠੀ ਮੇਰੀ ਮਾਂ ਬੋਲੀ ਪੰਜਾਬੀ ਏ।

**ਹਰਦੋਛੰਨੀ ਰੋਡ ਪਰੇਮ ਨਗਰ, 787/10**
**ਨੇੜੇ ਮਹਿਤਾ ਪੀ.ਸੀ.ਓ,**
**ਗੁਰਦਾਸਪੁਰ।**
ਫ਼ੋਨ -099888-11681

◆◆◆

## ਗੀਤ ਸਾਵਨ ਨੇ

**ਸਿਕੰਦਰ ਸਿੰਘ ਤਾਹਰਪੁਰ**



ਮਸਾਂ ਮਸਾਂ ਅਜੇ ਅੱਖ ਵੀ ਮੇਰੀ ਲੱਗੀ ਸੀ
ਕੱਚੀ ਨੀਂਦੇ ਆਣ ਜਗਾਇਆ ਸਾਵਣ ਨੇ।
ਪੱਕਿਆਂ ਉੱਤੇ ਜ਼ੋਰ ਨਾ ਚੱਲਿਆ ਜਦ ਏਹਦਾ
ਕੱਚਿਆਂ ਉਤੇ ਰੰਗ ਵਿਖਾਇਆ ਸਾਵਣ ਨੇ
ਮਹਿਲਾਂ ਵਾਲੇ ਲੈਣ ਨਜ਼ਾਰੇ ਮੌਸਮ ਦੇ
ਕੁੱਲੀਆਂ ਨੂੰ ਹੈ ਖੂਬ ਸਤਾਇਆ ਸਾਵਣ ਨੇ।
ਵਰ੍ਹਦੇ ਮੀਂਹ ਵਿਚ ਲਿੰਬਿਆ ਚੌਂਦੇ ਕੋਠੇ ਨੂੰ
ਜਦੋਂ ਛਰ੍ਹਾਟਾ ਮੀਂਹ ਵਰ੍ਹਾਇਆ ਸਾਵਣ ਨੇ।
ਕਿਧੇਰ ਤਪਣ ਕਹਾੜੀਆਂ ਕਿਧਰੇ ਅੱਗ ਵੀ ਨਹੀਂ
ਚੁੱਲਿਆਂ ਤੀਕਰ ਪਾਣੀ ਪਾਇਆ ਸਾਵਣ ਨੇ।
ਫਿੱਕੀ ਪੈ ਗਈ ਲਾਲੀ ਚੜ੍ਹਦੇ ਸੂਰਜ ਦੀ

ਬੱਦਲਾਂ ਦਾ ਹੈ ਜਾਲ ਵਿਛਾਇਆ ਸਾਵਣ ਨੇ।
ਫਿੱਕੀ ਪੈ ਗਈ ਲਾਲੀ ਚੜ੍ਹਦੇ ਸੂਰਜੀ ਦੀ
ਬੱਦਲਾਂ ਦਾ ਹੈ ਜਾਲ ਵਿਛਾਇਆ ਸਾਵਣ ਨੇ।
ਮੀਂਹ ਵਿੱਚ ਨ੍ਹਾਉਂਦੇ ਤੱਕਿਆ ਜਦੋਂ ਜਵਾਕਾਂ ਨੂੰ
ਬਚਪਨ ਮੈਨੂੰ ਯਾਦ ਕਰਾਇਆ ਸਾਵਣ ਨੇ।
ਸਾਵਣ ਆਇਆ ਮਾਹੀ ਦੀ ਕੋਈ ਖ਼ਬਰ ਨਹੀਂ
ਮਾਹੀ ਦਾ ਨਾ ਹਾਲ ਸੁਣਾਇਆ ਸਾਵਣ ਨੇ।
ਕਿ ਅਗਲੀ ਵਾਰੀ ਮਾਹੀ ਤੇਰਾ ਲੈ ਆਉਂਗਾ।
ਫੇਰ ਸਿੰਕਦਰਾ ਲਾਰਾ ਲਾਇਆ ਸਾਵਣ ਨੇ।

99143-47186

◆◆◆

# ਨਾਟਕ

*ਰੇਡੀਓ ਨਾਟਕ*

## ਕਲਯੁਗ ਦੀ ਮੈਲ਼

**– ਸਤਵਿੰਦਰ ਬੇਗੋਵਾਲੀਆ**



ਪਾਤਰ :

ਅਮਲੀ : ਉਮਰ 50 ਸਾਲ

ਕਰਮੀ : ਅਮਲੀ ਦੀ ਪਤਨੀ, 45 ਸਾਲ

ਭਗਤਾ, ਫੁੰਮਣ : ਅਮਲੀ ਦੇ ਦੋ ਗੁਆਂਢੀ, ਹਰੇਕ ਦੀ ਉਮਰ 50 ਸਾਲ

ਦੀਪਾ : ਇਕ ਪੜ੍ਹਿਆ ਹੋਇਆ ਨੌਜਵਾਨ, ਉਮਰ 26 ਸਾਲ

ਚੇਲਾ : 35 ਸਾਲ

ਸੂਤਰਧਾਰ

ਸਥਾਨ : ਅਮਲੀ ਦੇ ਘਰ ਦਾ ਵਿਹੜਾ। ਵਿਹੜੇ ਵਿਚ ਡਾਹੀ ਮੰਜੀ ਉਪਰ ਅਮਲੀ ਤੇ ਭਗਤਾ ਬੈਠੇ ਹਨ।

ਗੀਤ ਦੀ ਆਵਾਜ਼ : ਚਾਹੇ ਵਿਦਿਆ ਨੇ ਚਾਨਣ ਕੀਤਾ, ਅਜੇ ਵੀ ਬਹੁਤ ਹਨੇਰਾ ਹੈ। ਕਿਤੇ ਟਾਵੀਂ ਚਾਨਣ ਦੀ ਕਿਰਨ, ਉਧਰ ਦੰਭੀਆਂ ਲਾਇਆ ਡੇਰਾ ਹੈ। ਚਾਹੇ ਵਿੱਦਿਆ ਨੇ......



ਅਮਲੀ : (ਖੁਸ਼ੀ ਵਿਚ ਝੂਮਦਾ ਹੋਇਆ) ਗੀਤ ਕਿੰਨਾ ਵਧੀਆ ਗਾਉਂਦਾ ਪਿਆ ਸੀ ਦੀਪਾ ਪਾਹੜੂ ਆਪਣੇ ਘਰ ਦੇ ਕੋਠੇ 'ਤੇ ਚੜ੍ਹਕੇ। ਧਰਮ ਨਾਲ ਨਸ਼ਾ ਹੋ ਗਿਐ ਗੌਣ ਸੁਣ ਕੇ।

ਭਗਤਾ : ਅਮਲੀਆ, ਦੀਪਾ ਚਾਰ ਕੁ ਜਮਾਤਾਂ ਤਾਂ ਕਾਲਜ ਦੀਆਂ ਪੜ੍ਹ ਗਿਐ, ਉੱਕਾ ਈ ਨਾਸਤਿਕ ਹੋ ਗਿਐ। ਸਾਧੂਆਂ ਸੰਤਾਂ ਦੀ ਭੰਡੀ ਕਰਦਾ ਫਿਰਦੈ। ਕਿੰਨਾ ਜ਼ੁਲਮ ਹੋ ਰਿਹੈ ਐਸ ਧਰਤੀ ਤੇ, ਫਿਰ ਵੀ ਇਹ ਧਰਤੀ ਰੱਬ ਦਾ ਨਾਂ ਲੈਣ ਵਾਲੇ ਸੰਤਾਂ ਦੀ ਭਜਨ ਬੰਦਗੀ ਦੇ ਸਿਰ ਤੇ ਖੜ੍ਹੀ ਏ।

ਅਮਲੀ : ਧਰਤੀ ਤਾਂ ਜਿੱਥੇ ਸੀ, ਉਥੇ ਈ ਐ। ਆਹ ਸਾਧ ਸੂਧ ਕਰਦੇ ਕੀ ਨੇ। ਲੋਕ ਚੜ੍ਹਾਵਾ ਚਾੜ੍ਹੀ ਜਾਂਦੇ ਨੇ ਤੇ ਇਹ ਲੋਕ ਛੱਤੀ ਵੰਨੀਆਂ ਦੇ ਖਾਣੇ ਖਾ ਕੇ ਡਕਾਰ ਮਾਰ ਛੱਡਦੇ ਨੇ।

ਭਗਤਾ : ਸਾਧੂ ਸੰਤ ਕਿਹੜਾ ਉਹਨਾਂ ਦੇ ਘਰ ਘਰ ਜਾ ਕੇ ਕਹਿੰਦੇ ਨੇ ਸਾਡੇ ਡੇਰਿਆਂ ਤੇ ਚੜ੍ਹਾਵਾ ਚਾੜ੍ਹੋ।

ਅਮਲੀ : ਤੂੰ ਗੱਲ ਲੋਕਾਂ ਦੀ ਕਰਦੈਂ। ਲੋਕ ਚਲਦੇ ਨੇ ਭੇਡ ਚਾਲ ਤੇਰੇ ਵਾਂਗ। ਇਹ ਦੱਸ ਤੂੰ ਕਿੱਥੇ ਰਿਹੈਂ ਪਿਛਲੇ ਪੰਜ ਸੱਤ ਦਿਨ ?

ਭਗਤਾ : ਮੈਂ ਮਸਤੀਪੁਰੀਏ ਜਾਂਦਾ ਰਿਹਾਂ। ਮੈਨੂੰ ਰਾਤ ਨੂੰ ਸੁਫ਼ਨੇ ਵਿੱਚ ਦਬਾਅ ਹੋ ਜਾਂਦਾ ਸੀ। ਮੈਂ ਬਾਬਿਆਂ ਕੋਲ ਫਰਿਆਦ ਕੀਤੀ-ਬਾਬਾ ਜੀ, ਸਾਡੇ ਤੇ ਵੀ ਮਿਹਰ ਦੀ ਨਜ਼ਰ ਕਰੋ।

ਅਮਲੀ : ਫਿਰ ਕੀ ਕਹਿੰਦਾ ਸੀ ਬਾਬਾ ਤੇਰਾ ?

ਭਗਤਾ: ਬਾਬਾ ਜੀ ਕਹਿੰਦੇ ਤੈਨੂੰ ਕਿਸੇ ਮਾੜੀ ਜਨਾਨੀ ਦੀ ਨਜ਼ਰ ਲੱਗ ਗਈ ਏ।

ਅਮਲੀ : ਆਹੋ ਨਜ਼ਰ ਲੱਗ ਗਈ ਤੈਨੂੰ ਵੱਡੇ ਰਾਂਝੇ ਨੂੰ ! ਭਗਤ ਸਿੰਹਾਂ, ਜਿੱਥੇ ਤੇਰੇ ਮੇਰੇ ਵਰਗੇ ਬੰਦੇ ਹੋਣ, ਉਥੇ ਤਾਂ ਨਜ਼ਰ ਵੱਟੂ ਲਾਉਣ ਦੀ ਲੋੜ ਨਹੀਂ ਪੈਂਦੀ। ਬਾਬਿਆਂ ਕੋਲੋਂ ਆਉਣ ਬਾਅਦ ਤੈਨੂੰ ਸੁਫ਼ਨੇ ਆਉਣੋਂ ਹਟ ਗਏ ?

ਭਗਤਾ : ਬਾਬਾ ਜੀ ਨੇ ਜਲ ਦਿਤੈ। ਕਹਿੰਦੇ ਸੀ ਚਾਲੀ ਦਿਨ ਪੀਣ ਬਾਅਦ ਸਾਰੀ ਮੁਸ਼ਕਲ ਖਤਮ ਹੋ ਜਾਏਗੀ।

ਅਮਲੀ : ਜਲ ਪੀਣ ਨਾਲ ? ਲਸ਼ਕਰ ਸਿੰਘ ਹੈ ਨਾ। ਕਿਹੜੇ ਬਾਬੇ ਦੇ ਡੇਰਿਓਂ ਲਿਆ ਕੇ ਜਲ ਨਹੀਂ ਪੀਤਾ ਉਹਨੇ ਤੇ ਉਹਦੀ ਘਰ ਵਾਲੀ ਨੇ, ਇਸ ਆਸ ਨਾਲ ਕਿ ਘਰ ਮੁੰਡਾ ਪੈਦਾ ਹੋ ਜਾਏ। ਘਰ ਕੁੜੀਆਂ ਦੀ ਲੈਨ ਲੱਗ ਗਈ।

ਭਗਤਾ: ਗੱਲੀਂ ਬਾਤੀਂ ਤੇਰਾ ਮੁਕਾਬਲਾ ਕੌਣ ਕਰ ਸਕਦੈ ?

ਬਾਹਰੋਂ ਆਵਾਜ਼ : ਚਾਚਾ ਘਰ ਈ ਏਂ ?

ਭਗਤਾ : ਇਹ ਤਾਂ ਦੀਪੇ ਦੀ ਵਾਜ ਏ। ਮੈਂ ਚਲਦਾਂ, ਆ ਗਿਐ ਤੇਰਾ ਮਨ ਪਸੰਦ ਸਾਥੀ। (ਦੀਪਾ ਆਉਂਦਾ ਹੈ)

ਅਮਲੀ : ਆ ਜਾ ਦੀਪਿਆ ਬਹਿ ਜਾ ਮੰਜੀ ਤੇ। ਭਗਤ ਸਿੰਹਾਂ, ਕਦੇ ਪੜ੍ਹੇ ਲਿਖਿਆਂ ਦੀ ਵੀ ਗੱਲ ਸੁਣ ਲਿਆ ਕਰ।ਐਵੇਂ ਚੁਰਾਸੀ ਦੇ ਚੱਕਰਾਂ 'ਚ ਘੁੰਮਣ ਘੇਰੀਆਂ ਖਾ ਰਿਹੈ।

ਭਗਤਾ : ਨਾ ਬਈ, ਮੈਨੂੰ ਜਾਣ ਦੇ। ਮਾਰੋ ਗੱਪਾਂ ਤੁਸੀਂ (ਭਗਤਾ ਚਲਾ ਜਾਂਦਾ ਹੈ)

ਦੀਪਾ: ਸੁਣਾ ਚਾਚਾ, ਸਿਹਤ ਕਿਵੇਂ ਅੱਜ ਕੱਲ੍ਹ ?

ਅਮਲੀ: ਦੀਪਿਆ ਕਾਹਦੀ ਸਿਹਤ। ਫੀਮ ਦੀ ਗੋਲੀ ਜਾਂ ਭੁੱਕੀ ਦੀ ਪੁੜੀ ਮਿਲ ਜਾਏ ਤਾਂ ਸੱਤੇ ਖੈਰਾਂ। ਨਹੀਂ ਤਾਂ ਸਾਡੀਆਂ ਲੱਤਾਂ ਊਈਂ ਕੀਰਤਨ ਜਿਹਾ ਕਰਨ ਲੱਗ ਪੈਂਦੀਆਂ ਨੇ।

ਦੀਪਾ : ਚਾਚਾ, ਤੂੰ ਸਿਆਣਾ ਬਿਆਣਾ ਹੋ ਕੇ ਕਿੱਥੋਂ ਨਸ਼ੇ ਲਾ ਬੈਠੈਂ ਸਰੀਰ ਨੂੰ ?

ਅਮਲੀ: ਆਹ ਫੀਮ ਤਾਂ ਸੱਤੇ ਕੰਜਰ ਨੇ ਪੱਲੇ ਪਾ ਦਿੱਤੀ। ਮੈਨੂੰ ਇਕ ਵਾਰ ਜੁਕਾਮ ਹੋ ਗਿਐ। ਸੰਤੇ ਨੇ ਫੀਮ ਦੀ ਗੋਲੀ ਦਿੱਤੀ। ਜੁਕਾਮ ਤਾਂ ਠੀਕ ਹੋ ਗਿਆ ਪਰ ਫੀਮ ਪੱਕੀ ਹੱਡਾਂ 'ਚ ਰਚ ਗਈ।

ਦੀਪਾ : ਚਾਚਾ ਦਿਲ ਨਾ ਛੱਡ। ਤੈਨੂੰ ਇਕ ਦਿਨ ਸ਼ਹਿਰ ਲੈ ਕੇ ਜਾਵਾਂਗਾ ਇਕ ਡਾਕਟਰ ਕਲੋ।ਉਸ ਡਾਕਟਰ ਨੇ ਕਈਆਂ ਦੇ ਅਮਲ ਛੁਡਾਏ ਨੇ।

ਅਮਲੀ : ਜੀਂਦਾ ਰਹਿ, ਜੀਂਦਾ ਰਹਿ। ਤੇਰੀਆਂ ਗੱਲਾਂ ਸੁਣਿਆਂ ਮਨ ਨੂੰ ਧਰਵਾਸ ਜਿਹਾ ਹੋ ਜਾਂਦੈ। ਇਹ ਦੱਸ ਹੁਣ ਕਿਵੇਂ ਆਇਐਂ ਦੀਪਿਆ ?

ਦੀਪਾ : ਚਾਚਾ, ਆਪਣੇ ਪਿੰਡ ਦੇ ਬਾਹਰਵਾਰ ਰਾਮੇ ਸ਼ਾਹ ਦੇ ਬਾਗ ਵਿੱਚ ਇਕ ਸਾਧ ਨੇ ਡੇਰਾ ਲਾ ਲਿਐ ਆਪਣੇ ਚੇਲੇ ਚਾਟੜਿਆਂ ਨਾਲ। ਤੈਨੂੰ ਪਤੈ ਇਹ ਸਾਧ ਕਿੰਨੇ ਚਲਾਕ ਲੋਕ ਨੇ। ਲੋਕ ਵਹਿਮਾਂ ਭਰਮਾਂ ਦੇ ਗਧੀ ਗੇੜੇ 'ਚ ਫਸੇ ਪਏ ਨੇ। ਸਾਧਾਂ ਨੇ ਸਾਡੇ ਸਮਾਜ ਨੂੰ ਪੁੱਠੇ ਗੇੜ 'ਚ ਪਾ ਰੱਖਿਐ। ਅਸੀਂ ਪੜ੍ਹੇ ਲਿਖੇ ਨੌਜਵਾਨਾਂ ਦੀ ਸਭਾ ਬਣਾਈ ਏ।......

ਅਮਲੀ : ਮੈਨੂੰ ਵੀ ਪਾ ਲਓ ਆਪਣੀ ਸਭਾ 'ਚ, ਵੇਖੀਂ ਕਿਵੇਂ ਸਿੰਗ ਚੋਪੜਦਾ ਇਹਨਾਂ ਸਾਧਾਂ ਦੇ।



ਦੀਪਾ : ਚਾਚਾ, ਸਾਨੂੰ ਤੇਰਾ ਸਾਥ ਚਾਹੀਦੈ। ਨਾਲੇ ਤੈਨੂੰ ਗੱਲ ਵੀ ਚੰਗੀ ਫੁਰਦੀ ਏ। (ਕਰਮੀ ਆਉਂਦੀ ਹੈ) ਲੈ ਚਾਚਾ, ਚਾਚੀ ਵੀ ਆ ਗਈ ਏ। ਮੈਂ ਚਲਦਾਂ, ਫਿਰ ਆਵਾਂਗਾ।

ਅਮਲੀ : ਚੰਗਾ ਚੰਗਾ ਦੀਪਿਆ। ਲੰਘਦਾ ਟੱਪਦਾ ਆ ਜਾਇਆ ਕਰ (ਦੀਪਾ ਚਲਾ ਜਾਂਦਾ ਹੈ)

ਕਰਮੀ : ਗਿਆਨ ਸਿੰਘ ਦੇ ਘਰੋਂ ਸੌ ਰੁਪਿਆ ਲੈ ਕੇ ਆਇਆ ਕਿ ਨਹੀਂ। ਜੋ ਉਹਨਾਂ ਦੇ ਘਰੀਂ ਕੰਮ ਕੀਤਾ ਸੀ।

ਅਮਲੀ : ਉਹ ਤਾਂ ਮੈਨੂੰ ਚੇਤਾ ਈ ਭੁੱਲ ਗਿਆ। ਜਿਉਂ ਜਿਉਂ ਉਮਰ ਵਧਦੀ ਜਾਂਦੀ ਏ ਚੇਤਾ ਸਹੁਰੀ ਦਾ ਘਟਦਾ ਈ ਜਾਂਦੈ।

ਕਰਮੀ : ਨਾ ਗੋਲੀ ਸੁੱਟਣ ਦਾ ਚੇਤਾ ਰਹਿ ਜਾਂਦੈ ਤੈਨੂੰ ? ਸਾਰਾ ਸੌਦਾ ਮੁੱਕਿਆ ਪਿਐ, ਦਾਲ ਸਬਜ਼ੀ ਕਾਹਦੀ ਬਣਾਉਣੀ ਏ ? (ਖਿੱਝ ਕੇ) ਤੈਨੂੰ ਮੇਰੀ ਗੱਲ ਸੁਣੀ ਏ ਕਿ ਨਹੀਂ ?

ਅਮਲੀ : ਸੁਣਦਾਂ ਸੁਣਦਾਂ ਜ਼ਰਾ ਸੁਰਤ ਕਾਇਮ ਹੋ ਲੈਣ ਦੇ। ਸਰੀਰ 'ਚ ਗਰਮੀ ਜਿਹੀ ਨਹੀਂ ਆਉਂਦੀ ਪਈ।

ਕਰਮੀ : ਤੇਰੇ ਸਰੀਰ 'ਚ ਗਰਮੀ ਨਾ ਆਈ ਸਭ ਕੁਝ ਨਸ਼ਿਆਂ ਦੇ ਲੇਖੇ ਲਾ ਤਾ। ਤੂੰ ਘਰ ਛੱਡਿਆ ਈ ਕੀ ਏ ?

ਅਮਲੀ : ਆਹ ਦੋ ਜੁਆਕ। ਇਕ ਹੀਰਾ ਤੇ ਦੂਜਾ ਮੋਤੀ।

ਕਰਮੀ : ਇਹ ਵੀ ਰੋਣਗੇ ਤੇਰੀ ਜਾਨ ਨੂੰ ਸਾਰੀ ਉਮਰ।

ਅਮਲੀ : ਆਹੋ ਰੋਣਗੇ, ਜਦੋਂ ਅਸੀਂ ਸਵਰਗ ਸਿਧਾਰ ਗਏ।

ਕਰਮੀ : ਤੇਰੇ ਜਿਹੇ ਨਸ਼ਿਆਂ ਦੇ ਮਾਰੇ ਬੰਦੇ ਸਵਰਗ ਜਾਂ ਵੜ੍ਹਨ ਤਾਂ ਸਵਰਗ ਵੀ ਨਾਟਕ ਬਣ ਜਾਊ। ਤੇਰੇ ਜਿਹੇ ਸੜਣਗੇ ਨਰਕਾਂ ਵਿੱਚ।

ਅਮਲੀ : ਮਰਨ ਮਗਰੋਂ ਸਵਰਗ ਮਿਲੇ ਜਾਂ ਨਰਕ, ਕਿਹਨੇ ਵੇਖਣੈਂ ? ਆਹ ਭੁੱਕੀ ਦੀ ਪੁੜੀ ਲੱਗੀ ਏ ਬੋਲਣ ਅੰਦਰ ਜਾ ਕੇ ਤੇ ਲੱਗੈ ਸਵਰਗ ਦਾ ਝੂਟਾ ਆਉਣ।

(ਅਮਲੀ ਦੇ ਘਰ ਦੇ ਦਰਵਾਜੇ ਦਾ ਕੁੰਡਾ ਖੜਕਦਾ ਹੈ ਅਤੇ ਞੁੰਮਣ ਦੀ ਆਵਾਜ਼ ਆਉਂਦੀ ਹੈ)

ਞੁੰਮਣ ਦੀ ਆਵਾਜ਼ : ਅਮਲੀਆ ਘਰ ਈ ਏਂ ?

ਅਮਲੀ : ਨਾ ਹੋਰ ਅਸੀਂ ਘਰੋਂ ਕੱਢੇ ਹੋਏ ਆਂ ਤੇਰੇ ਵਾਂਗੂੰ। (ਞੁੰਮਣ ਆਉਂਦਾ ਹੈ)

ਕਰਮੀ : ਵੇ ਘਰ ਆਏ ਨਾਲ ਇਵੇਂ ਬੋਲੀਦੈ ?

ਅਮਲੀ : ਨਾ ਹੋਰ ਮੈਂ ਇਹਦੇ ਗਲ 'ਚ ਹਾਰ ਪਾਉਂਦਾ, ਚੰਗਾ ਬਰਮਾ ਦੀ

ਜੰਗ ਜਿੱਤ ਕੇ ਆਇਐ।

ਫੁੰਮਣ : ਭਾਬੀ, ਅਮਲੀ ਦਾ ਗੁੱਸਾ ਕੀ ਕਰਨੈਂ। ਵੈਸੇ ਭੀ ਸਾਡਾ ਹਾਸਾ ਠੱਟ ਤਾਂ ਚਲਦਾ ਈ ਰਹਿੰਦੈ।

ਕਰਮੀ : ਆ ਵੀਰਿਆ, ਬਹਿ ਜਾ ਮੰਜੀ ਤੇ। ਅੱਜ ਕਿਵੇਂ ਸਾਡੇ ਘਰ ਦਾ ਰਾਹ ਲੱਭ ਪਿਐ।

ਫੁੰਮਣ : ਤੁਹਾਨੂੰ ਇੱਕ ਖੁਸ਼ਖਬਰੀ ਸੁਣਾਉਣ ਆਇਆਂ।

ਅਮਲੀ : ਖੁਸ਼ਖਬਰੀ ਕਿ ਖੁਸ਼ਕਖਬਰੀ ?

ਫੁੰਮਣ : ਅਮਲੀਆ, ਗੱਲ ਹੈ ਈ ਖੁਸ਼ੀ ਵਾਲੀ ਏ। ਰਾਮੇ ਚੌਧਰੀ ਦੇ ਬਾਗ 'ਚ ਬੜੇ ਪਹੁੰਚੇ ਹੋਏ ਬਾਬਾ ਜੀ ਆਏ ਨੇ। ਉੱਥੇ ਤਾਂ ਰੌਣਕਾਂ ਲੱਗੀਆਂ ਨੇ ਰੌਣਕਾਂ। ਸੰਗਤ ਦਾ ਕੋਈ ਹਿਸਾਬ ਈ ਨਹੀਂ।

ਅਮਲੀ : ਫੁੰਮਣਾਂ, ਸਾਧਾਂ ਨੇ ਆਪਣਾ ਉੱਲੂ ਸਿੱਧਾ ਕਰਨਾ ਹੁੰਦੈ ਤੇ ਤੇਰੇ ਵਰਗੇ ਉੱਲੂ ਬਣਨ ਲਈ ਪਹਿਲਾਂ ਈ ਖੜ੍ਹੇ ਹੁੰਦੇ ਨੇ ਲਾਇਨਾਂ ਦੀਆਂ ਲਾਇਨਾਂ ਲਾ ਕੇ।

ਕਰਮੀ : ਵੀਰਿਆ, ਸਾਨੂੰ ਦੱਸ ਕੋਈ ਗੱਲ ਉਹਨਾਂ ਮਹਾਂਪੁਰਸ਼ਾਂ ਦੀ।

ਫੁੰਮਣ : ਉਹ ਤਾਂ ਲੋਕਾਂ ਦੇ ਰੋਗਾਂ ਦਾ ਇਲਾਜ ਵੀ ਕਰ ਰਹੇ ਨੇ। ਨਸ਼ੇ ਵੀ ਛੁਡਾ ਰਹੇ ਨੇ। ਉਹ ਕਹਿੰਦੇ ਨੇ ਭਲੇ ਕੰਮ ਕਰੋ ਤਾਂ ਹੀ ਕਲਯੁਗ ਦੀ ਮੈਲ ਉਤਰ ਸਕਦੀ ਏ।

ਕਰਮੀ : (ਖੁਸ਼ ਹੋ ਕੇ) ਨਸ਼ੇ ਛੁਡਾਉਣ ਵਾਲੀ ਗੱਲ ਤਾਂ ਸਾਡੇ ਭਲੇ ਦੀ ਦੱਸੀ। ਹੁਣ ਤਾਂ ਮੈਂ ਬਾਬਾ ਜੀ ਦੇ ਡੇਰੇ ਜ਼ਰੂਰ ਜਾਵਾਂਗੀ।

ਅਮਲੀ : ਤੂੰ ਕਿਹੜਾ ਨਸ਼ਾ ਕਰਦੀ ਏਂ ਜਿਹਦੇ ਛੱਡਣ ਦੀ ਲੋੜ ਪੈ ਗਈ ?

ਕਰਮੀ : ਮੈਂ ਨਹੀਂ ਕਰਦੀ ਤੇਰਾ ਤਾਂ ਮੱਕੂ ਠੱਪਣਾ ਈ ਪੈਣੈਂ ?

ਪਿੱਛੋਂ ਗਾਉਣ ਕੀ ਆਵਾਜ਼: ਕਈ ਤਰ ਗਏ ਕਈਆਂ ਨੇ ਤਰ ਜਾਣਾ
ਜਿਹਨਾਂ ਨੇ ਤੇਰਾ ਨਾਮ ਜਪਿਆ। ਕਈ ਤਰ ਗਏ....

ਕਰਮੀ : (ਫੁੰਮਣ ਨੂੰ) ਵੀਰਿਆ, ਆਹ ਵਾਜ ਕਿਹਦੀ ਏ ?

ਫੁੰਮਣ : ਬਾਬਾ ਜੀ ਦੇ ਕਿਸੇ ਚੇਲੇ ਦੀ ਵਾਜ ਲੱਗਦੀ ਏ। ਬਾਬਾ ਜੀ ਨਾਲ ਉਹਨਾਂ ਦੇ ਪੰਜ ਛੇ ਸੇਵਕ ਵੀ ਨੇ। ਸਾਰੇ ਮਿਲ ਕੇ ਜਦੋਂ ਗਾਉਂਦੇ ਨੇ, ਨਜ਼ਾਰਾ ਬੱਝ ਜਾਂਦੈ।

ਕਰਮੀ : ਕਿੰਨੀ ਮਿੱਠੀ ਵਾਜ ਕੰਨੀਂ ਪਈ ਸੀ!

ਅਮਲੀ : ਆਹੋ ਮਿੱਠੀ ਏ! ਵਾਜ ਜਲੰਧਰ ਵੱਲ ਜਾਂਦੀ ਏ ਤੇ ਚਿਮਟਾ ਅੰਮ੍ਰਿਤਸਰ ਵੱਲ।



ਕਰਮੀ : (ਫੁੰਮਣ ਨੂੰ) ਤੁਸੀਂ ਅੰਦਰ ਸੱਦ ਕੇ ਲਿਆਓ ਰੱਬ ਦੇ ਪਿਆਰੇ ਨੂੰ।

ਅਮਲੀ : ਨਾ ਤੂੰ ਕਿਹੜਾ ਖੀਰ ਤੇ ਮਾਹਲ ਪੂੜੇ ਬਣਾ ਕੇ ਬੈਠੀ ਏਂ ਜਿਹੜਾ ਉਹਨੂੰ ਅੰਦਰ ਸੱਦਣੈਂ।

ਕਰਮੀ : ਤੂੰ ਪਾਈ ਜਾ ਰੌਲਾ ਵਾਧੂ ਦਾ। (ਫੁੰਮਣ ਨੂੰ) ਤੁਸੀਂ ਲਿਆਓ ਜ਼ਰਾ ਉਹਨਾਂ ਨੂੰ। ਉਹਨਾਂ ਤੋਂ ਅਸੀਂ ਪਾਪੀ ਜੀਵ ਕੋਈ ਬਚਨ ਸੁਣ ਲਈਏ।

ਅਮਲੀ : ਬਚਨ ਸੁਣਦੀ ਸੁਣਦੀ ਆਪ ਬਚ ਕੇ ਰਹੀਂ। ਨਿਗ੍ਹਾ ਬੜੀ ਮਾੜੀ ਹੁੰਦੀ ਏ ਸਾਧਾਂ ਦੀ। (ਫੁੰਮਣ ਤੇ ਚੇਲਾ ਆਉਂਦੇ ਹਨ)

ਚੇਲਾ : (ਉੱਚੀ ਆਵਾਜ਼ ਵਿੱਚ) ਜੈ ਨਾਥ ਸ਼ੰਭੂ, ਜੈ ਨਾਥ ਸ਼ੰਭੂ। ਢਾਹ ਦੇ ਕੋਠੇ ਲਾ ਕੇ ਤੰਬੂ।

ਕਰਮੀ : (ਡਰਦੀ ਹੋਈ) ਢਾਹ ਦੇ ਕੋਠੇ ਲਾ ਕੇ ਤੰਬੂ! ਕਿਤੇ ਕੋਈ ਸਰਾਪ ਤਾਂ ਨਹੀਂ ਦੇ ਦਿੱਤਾ ?

ਚੇਲਾ : ਨਹੀਂ, ਸਾਡੀ ਬਿਰਤੀ ਉਪਰ ਲੱਗੀ ਹੋਈ ਸੀ। ਸਾਡੀ ਉਪਰ ਗੱਲਬਾਤ ਚੱਲ ਰਹੀ ਸੀ।

ਅਮਲੀ : ਨਾ ਫਿਰ ਉਪਰ ਈ ਰਹਿਣਾ ਸੀ, ਥੱਲੇ ਆ ਕੇ ਤੂੰ ਕਿਹੜਾ ਮੁੰਗਲੀ ਫੇਰਨੀ ਏ!

ਚੇਲਾ : (ਗੁੱਗੇ ਵਿੱਚ) ਇਹ ਕੌਣ ਹੈ ਤੇ ਸਾਨੂੰ ਘਰ ਕਿਸ ਬੁਲਾਇਆ ਹੈ ?

ਕਰਮੀ : (ਹੱਥ ਜੋੜਦੀ ਹੋਈ) ਮਾਫ ਕਰਿਓ ਬਾਬਾ ਜੀ, ਮੈਂ ਈ ਬੁਲਾਇਆ ਏ ਤੁਹਾਨੂੰ।

ਚੇਲਾ : ਅਸੀਂ ਬਾਬੇ ਨਹੀਂ, ਬਾਬਿਆਂ ਦੇ ਭਗਤ ਹਾਂ।

ਕਰਮੀ : ਭਗਤ ਜੀ, ਇਸ ਬੰਦੇ ਨੂੰ ਨਸ਼ਿਆਂ ਦੀ ਭੈੜੀ ਲਤ ਲੱਗ ਗਈ ਏ। ਬਾਬਾ ਜੀ ਇਸ ਭੁੱਲੜ ਤੇ ਕਿਰਪਾ ਕਰਨਗੇ ਕਿ ਨਹੀਂ ਕਿ ਇਹਦੇ ਨਸ਼ੇ ਮਗਰੋਂ ਲਹਿ ਜਾਣ।

ਚੇਲਾ : ਇਸ ਅਮਲੀ ਨੂੰ ਹੁਣੇ ਲੈ ਜਾਓ ਬਾਬਾ ਜੀ ਦੇ ਡੇਰੇ। ਉਹਨਾਂ ਦੀਆਂ ਨਜ਼ਰਾਂ ਵਿੱਚ ਕਹਿਰਾਂ ਦੀ ਲਾਲੀ ਏ। ਇੱਕੋ ਨਜ਼ਰ ਨਾਲ ਇਹਦੇ ਨਸ਼ੇ ਵੀ ਛੁੱਟ ਜਾਣਗੇ ਤੇ ਕੁਲਯੁਗ ਦੀ ਮੈਲ ਵੀ ਉਤਰ ਜਾਵੇਗੀ।

ਅਮਲੀ : ਆਪਣੀ ਮੈਲ਼ ਤਾਂ ਲਾਹ ਨਹੀਂ ਸਕਦੇ। ਸਾਡੀ ਮੈਲ਼ ਲਾਹੁਣ ਦੀ ਕੀ ਚਿੰਤਾ ਪੈ ਗਈ ਇਹਨਾਂ ਬਾਬਿਆਂ ਨੂੰ।

ਚੇਲਾ : (ਗਰਜਵੀਂ ਆਵਾਜ਼ ਵਿੱਚ) ਚੁੱਪ ਕਰ ਜਾ ਓਏ ਦੁਸ਼ਟਾ! ਜੇ ਤੂੰ ਬਾਬਾ ਜੀ ਦੇ ਉਲਟ ਇਕ ਬੋਲ ਵੀ ਬੋਲਿਆ ਤਾਂ ਬਾਬਾ ਜੀ

ਕ੍ਰੋਧਿਤ ਹੋ ਕੇ ਤੈਨੂੰ ਭਸਮ ਕਰ ਦੇਣਗੇ।

ਅਮਲੀ : ਨਾ ਅੱਗੇ ਅਸੀਂ ਕਿਹੜਾ ਭਸਮ ਹੋਣੋਂ ਬਚੇ ਆਂ। ਇਹ ਤਾਂ ਭੁੱਕੀ ਦੀ ਮੇਹਰਬਾਨੀ ਏ ਜਿਹਦੇ ਸਿਰ ਤੇ ਤੁਰੇ ਫਿਰਦੇ ਆਂ।

ਕਰਮੀ : (ਅਮਲੀ ਨੂੰ ਗੁੱਸੇ ਨਾਲ) ਵੇ ਕੁਝ ਹੋਸ਼ ਨਾਲ ਗੱਲ ਕਰ। ਥਾਂ ਕੁਥਾਂ ਤਾਂ ਵੇਖਿਆ ਕਰ। ਤੇਰੀ ਤਾਂ ਮੱਤ ਮਾਰ ਦਿੱਤੀ ਨਸ਼ਿਆਂ ਨੇ।

ਚੇਲਾ : ਇਹ ਅਮਲੀ ਨਹੀਂ ਜਾਣਦਾ ਬਾਬਾ ਜੀ ਦੇ ਚਮਤਕਾਰ। ਬਾਬਾ ਜੀ ਨੇ ਪੂਰੇ ਵੀਹ ਸਾਲ ਜੰਗਲਾਂ ਵਿੱਚ ਘੋਰ ਤਪੱਸਿਆ ਕੀਤੀ। ਉਹਨਾਂ ਦੇ ਤਪ ਨਾਲ ਤਾਂ ਸੁੱਕੇ ਰੁੱਖ ਹਰੇ ਹੋ ਗੇ, ਜੰਗਲ ਮੰਗਲ ਬਣ ਗਏ। ਇਹ ਅਮਲੀ ਬੰਦਾ ਬਣ ਜੂ ਤਾਂ ਠੀਕ ਏ, ਨਹੀਂ ਤਾਂ ਮਰੇਗਾ ਕੁੱਤੇ ਦੀ ਮੌਤ।

ਅਮਲੀ : ਹੂੰ, ਪਤੈ ਜਿਹੜੀ ਬਾਬੇ ਨੇ ਤਪੱਸਿਆ ਕੀਤੀ ਏ। ਦੀਪਾ ਪਾਹੜੂ ਦੱਸਦਾ ਸੀ, ਫਰੀਦਾ ਜੰਗਲ ਜੰਗਲ ਕਿਆ ਭਵੇ ਵਣ ਕੰਡਾ ਮੋੜੇ। ਵੱਸੇ ਰੱਬ ਹਿਆਲਿਆ ਜੰਗਲ ਕਿਆ ਢੂੰਡੇ।
ਮੈਂ ਪੁੱਛਦਾਂ ਰੱਬ ਭਲਾ ਜੰਗਲਾਂ 'ਚ ਧੂਣੀ ਲਾ ਕੇ ਬੈਠੇ ?

ਚੇਲਾ : ਤੂੰ ਕਿਸ ਪਾਹੜੂ ਦੀ ਗੱਲ ਕਰਦੈਂ ? ਅੱਜ ਦੇ ਪਾਹੜੂ ਫੈਸ਼ਨ ਕਰ ਕਰ ਬੂਥੀਂ ਬਾਂਦਰਾਂ ਜਿਹੀ ਬਣਾਈ ਬੈਠੇ ਨੇ।

ਅਮਲੀ : ਨਾ ਤੂੰ ਫੈਸ਼ਨ ਘੱਟ ਕੀਤੈ !

ਚੇਲਾ : ਗੁਸਤਾਖ ! ਇਹ ਤਪੱਸਵੀ ਚੋਲਾ ਏ, ਬੜੀ ਕਠਿਨ ਤਪੱਸਿਆ ਕਰਨ ਬਾਅਦ ਹਾਸਲ ਹੁੰਦਾ ਏ।

ਕਰਮੀ : ਭਗਤ ਜੀ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਇਹ ਅਮਲੀ ਦੇ ਅੰਦਰ ਭੁੱਕੀ ਦੀ ਪੁੜੀ ਬੋਲਦੀ ਪਈ ਏ। ਜਦ ਤੱਕ ਨਸ਼ਾ ਰਹੇਗਾ ਇੰਜ ਈ ਪਟਾਕਦਾ ਰਹੇਗਾ। ਇਹਨੇ ਜੋ ਅਵਾ ਤਵਾ ਬੋਲਿਐ ਉਹਦੇ ਲਈ ਮਾਫ਼ੀ ਮੈਂ ਮੰਗਦੀ ਆਂ।

ਚੇਲਾ : ਬੱਸ ਕਰ ਬੀਬੀ, ਸਾਡਾ ਪਾਰਾ ਐਸ ਵਕਤ ਸਤਵੇਂ ਅਸਮਾਨ ਤੇ ਜਾ ਪਹੁੰਚਿਐ।

ਅਮਲੀ : ਨਾ ਸਤਵੇਂ ਅਸਮਾਨ ਤੇ ਤੂੰ ਰਾਕਟ ਚਲਾਊਨੈਂ ?

ਫੁੰਮਣ : ਭਗਤ ਜੀ, ਤੁਸੀਂ ਕਿੱਥੇ ਅਮਲੀ ਦੀਆਂ ਗੱਲਾਂ ਸੁਣਨ ਲੱਗ ਪਏ। ਜਿੰਨਾ ਚਿਰ ਅਮਲ ਦਾ ਨਸ਼ਾ ਰਹਿੰਦੈ ਇਹਨੂੰ, ਇਹਨੇ ਤੁਹਾਡੇ ਪੈਰ ਨਹੀਂ ਲਗਣ ਦੇਣੇ। ਤੁਸੀਂ ਆਹ ਗਰੀਬਣੀ ਵੱਲ ਵੇਖੋ।

ਚੇਲਾ : ਇਸ ਅਮਲੀ ਨੇ ਸਾਡਾ ਕੀਮਤੀ ਵਕਤ ਬਰਬਾਦ ਕੀਤੈ, ਫਿਰ ਵੀ ਇਸ ਔਰਤ ਕਰਕੇ ਗੁੱਸਾ ਪੀ ਲੈਂਦੇ ਹਾਂ। ਐਸ ਅਮਲੀ ਨੂੰ ਬਾਬਾ



ਜੀ ਦੇ ਡੇਰੇ ਨਾ ਲਿਆਉਣਾ, ਨਹੀਂ ਤਾਂ ਡੇਰਾ ਭ੍ਰਿਸ਼ਟਿਆ ਜਾਵੇਗਾ। ਬਾਬਾ ਜੀ ਅੰਤਰਜਾਮੀ ਨੇ, ਆਪੇ ਇਸ ਅਮਲੀ ਦਾ ਰੋਗ ਸਮਝ ਲੈਣਗੇ ਤੇ ਦਵਾ ਦੇ ਦੇਣਗੇ।

ਕਰਮੀ : ਸਤ ਬਚਨ ਭਗਤ ਜੀ, ਇਵੇਂ ਹੀ ਕਰਾਂਗੇ। ਤੁਸੀਂ ਚਾਹ ਪੀਉਗੇ ਕਿ ਦੁੱਧ ?

ਚੇਲਾ : ਬੀਬੀ, ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਜੇ ਦੁੱਧ ਦੀ ਸੇਵਾ ਕਰਨ ਦੀ ਇੱਛਾ ਹੈ ਤਾਂ ਪੂਰਾ ਡੋਲੂ ਭਰ ਕੇ ਬਾਬਾ ਜੀ ਦੇ ਡੇਰੇ ਲੈ ਜਾਉ। ਅਸੀਂ ਚਲਦੇ ਹਾਂ, ਜੈ ਨਾਥ ਸ਼ੰਭੂ ਢਾਹ ਦੇ ਕੋਠੇ ਲਾ ਕੇ ਤੰਬੂ। (ਚੇਲਾ ਚਲਾ ਜਾਂਦਾ ਹੈ)

ਅਮਲੀ : ਦੁੱਧ ਜਾਂ ਚਾਹ ਚੇਲੇ ਨੇ ਕੀ ਪੀਣੀ ਸੀ, ਖੀਰ ਦੀ ਬਾਲਟੀ ਖਾ ਕੇ ਆਇਆ ਹੋਣੈਂ, ਹੁਣ ਪੁਚਾਉਂਦਾ ਫਿਰਦਾ ਗਲੀ ਗਲੀ ਫਿਰ ਕੇ। ਫਿੱਟਿਆ ਏ ਕਿਵੇਂ ਝੋਟੇ ਵਾਂਗੂੰ। ਦੀਪਾ ਦੱਸਦਾ ਸੀ ਰੂਪ ਵਿੱਚ ਮੰਨੇ ਪਰਮੰਨੇ ਭਲਵਾਨਾਂ ਦੀਆਂ ਕੁਸ਼ਤੀਆਂ ਹੋਣ ਦੀ ਵਾਲੀਆਂ ਨੇ। ਇਵੇਂ ਦੇ ਸਾਧਾਂ ਨੂੰ ਘੱਲਣਾ ਚਾਹੀਦੈ ਕੁਸ਼ਤੀ ਕਰਨ ਵਾਸਤੇ।

ਕਰਮੀ : ਕੋਈ ਚੱਜ ਦੀ ਗੱਲ ਨਾ ਕੱਢੀਂ ਮੂੰਹੋਂ। ਸਾਰੀ ਉਮਰ ਇਵੇਂ ਗੱਲਾਂ ਬਣਾਉਣ 'ਚ ਕੱਢ ਤੀ।

ਅਮਲੀ : ਤੇ ਤੂੰ ਸਾਰੀ ਉਮਰ ਸਾਧਾਂ ਦੇ ਡੇਰਿਆਂ ਤੇ ਨੱਕ ਰਗੜ ਕੇ ਕੱਢਤੀ।

ਕਰਮੀ : (ਖਿੱਝ ਕੇ) ਤੂੰ ਆਪਣਾ ਵਾਜਾ ਵਜਾਈ ਜਾ। ਮੈਂ ਚੱਲੀ ਆਂ ਬਾਬਾ ਜੀ ਦੇ ਡੇਰੇ।

ਅਮਲੀ : ਭਲੀਏ ਲੋਕੇ, ਤੂੰ ਮੇਰੇ ਕਰਕੇ ਸਾਧਾਂ ਦੇ ਡੇਰੇ ਨਾ ਜਾਈਂ।

ਕਰਮੀ : ਕਿਉਂ ਨਾ ਜਾਵਾਂ ? ਹੁਣ ਮੈਂ ਵੇਖਾਂਗੀ ਤੂੰ ਨਸ਼ੇ ਕਿਵੇਂ ਕਰਨੈਂ। ਮੇਰੀ ਤਾਂ ਤੂੰ ਕਿਸਮਤ ਗਾਲਤੀ। ਹੁਣ ਮੈਂ ਪੱਕਾ ਧਾਰ ਲਿਐ ਮਨ 'ਚ ਜਾਂ ਤੇਰੀਆਂ ਪੁੜੀਆਂ, ਗੋਲੀਆਂ ਘਰ ਰਹਿਣਗੀਆਂ ਜਾਂ ਮੈਂ ਰਹਾਂਗੀ।

ਅਮਲੀ : ਤੂੰ ਮੇਰੇ ਨਸ਼ੇ ਜ਼ਰੂਰ ਈ ਛੁਡਾਉਣਾ ਚਾਹੁੰਦੀ ਏ ਨਾ ? ਤੇਰੀ ਗੱਲ ਮੰਨੀ। ਮੈਨੂੰ ਕਿਸੇ ਸਿਆਣੇ ਜਿਹੇ ਨਸ਼ੇ ਛੁਡਾਉਣ ਵਾਲੇ ਡਾਕਟਰ ਕੋਲ ਲੈ ਚੱਲ।

ਕਰਮੀ : ਸਾਥੋਂ ਨਹੀਂ ਭਰੀਆਂ ਜਾਂਦੀਆਂ ਡਾਕਟਰਾਂ ਦੀਆਂ ਫੀਸਾਂ। ਦੋ ਤਿੰਨ ਬੰਦੇ ਡਾਕਟਰ ਕੋਲੋਂ ਇਲਾਜ ਕਰਾਉਣ ਗਏ ਸੀ ਬਿਮਾਰੀਆਂ ਦਾ ਸ਼ਹਿਰ, ਜੀਂਦੇ ਜੀਅ ਨਾ ਪਰਤੇ। ਪੰਡ ਨੋਟਾਂ ਦੀ ਵੀ ਲਾ ਤੀ। ਸਾਡੇ ਲਈ ਬਾਬਾ ਜੀ ਰੱਬ ਰੂਪ ਬਣ ਕੇ ਆਏ ਨੇ।

ਫੁੰਮਣ : ਅਮਲੀਆ, ਭਾਬੀ ਸਹੀ ਕਹਿੰਦੀ ਏ।

ਅਮਲੀ : ਆਹੋ ਸਹੀ ਕਹਿੰਦੀ ਏ। ਇਹਦੇ ਤੇ ਐਸ ਵਕਤ ਸਾਧਾਂ ਦਾ ਭੂਤ ਸਵਾਰ ਏ। ਮੱਛੀ ਪੱਥਰ ਚੱਟ ਕੇ ਹੀ ਪਿਛਾਂਹ ਮੁੜੇਗੀ।

ਕਰਮੀ : ਮੈਂ ਚੱਲੀ ਆਂ ਬਾਬਿਆਂ ਦੇ ਡੇਰੇ। ਇਵੇਂ ਦੇ ਮਹਾਂਪੁਰਸ਼ਾਂ ਦਾ ਕੀ ਪਤੈ ਕਦੋਂ ਕਿਤੇ ਜਾਣ ਦਾ ਮਨ ਬਣਾ ਲੈਣ।

ਫੁੰਮਣ : ਭਾਬੀ ਆਹ ਤੇਰੀ ਗੱਲ ਲੱਖ ਰੁਪਏ ਦੀ ਏ। ਦੂਜੇ ਪਿੰਡ ਦੀ ਸੰਗਤ ਬਾਬਾ ਜੀ ਤੇ ਜ਼ੋਰ ਪਾਉਂਦੀ ਪਈ ਏ ਕਿ ਸਾਡੇ ਪਿੰਡ ਵੀ ਫੇਰੀ ਪਾਉ। ਭਾਬੀ ਤੂੰ ਜਾ, ਮੌਕਾ ਨਿਕਲ ਨਾ ਜਾਏ।

(ਕਰਮੀ ਚਲੀ ਜਾਂਦੀ ਹੈ)

ਅਮਲੀਆ, ਭਾਬੀ ਤੇਰੇ ਭਲੇ ਦੀ ਗੱਲ ਕਰਦੀ ਏ।

ਅਮਲੀ : ਭਲਾ ਇਹਨੇ ਸਵਾਹ ਸੋਚਣੈਂ। ਕੋਈ ਮੰਗਤਾਂ ਆ ਜਾਏ ਹੱਥ 'ਚ ਠੂਠਾ ਫੜ੍ਹ ਕੇ, ਮੂੰਹ ਤੇ ਸਵਾਹ ਮਲ ਕੇ, ਬੂਥੀ ਬਾਂਦਰ ਵਰਗੀ ਬਣਾ ਕੇ ਤੇ ਉੱਚੀ ਵਾਜ 'ਚ ਐਲੱਖ ਨਿਰੰਜਨ ਬੋਲ ਦੇਵੇ ਤਾਂ ਕਰਮੀ ਕਹਿ ਦਿੰਦੀ ਏ ਘਰ ਫਕੀਰ ਆਏ ਨੇ।

ਫੁੰਮਣ : ਚੰਗਾ ਅਮਲੀਆ, ਮੈਂ ਵੀ ਹੋ ਆਵਾਂ ਬਾਬਿਆਂ ਦੇ ਡੇਰਿਓਂ।

ਅਮਲੀ : ਜਾ ਜਾ, ਤੈਨੂੰ ਕਿਹੜਾ ਮੈਂ ਗੁੜ ਭੇਜਿਆ ਸੀ ਬਈ ਜ਼ਰੂਰ ਆ।

(ਵਕਫ਼ਾ)

ਸੂਤਰਧਾਰ : ਇੰਜ ਬਾਕੀ ਲੋਕਾਂ ਵਾਂਗ ਕਰਮੀ ਵੀ ਬਾਬੇ ਦੇ ਡੇਰੇ ਗਈ। ਪੰਜਾਹ ਰੁਪਏ ਰੱਖ ਕੇ ਮੱਥਾ ਟੇਕਿਆ। ਬਾਬਿਆਂ ਨੇ ਕਰਮੀ ਦੇ ਹੱਥ ਭਬੂਤੇ ਦੀ ਪੁੜੀ ਫੜਾ ਦਿੱਤੀ। ਭਬੂਤੇ ਦੀ ਪੁੜੀ ਲੈ ਕੇ ਖੁਸ਼ੀ ਖੁਸ਼ੀ ਕਰਮੀ ਆਪਣੇ ਘਰ ਆ ਗਈ।

ਕਰਮੀ : ਵਾਹ ਜੀ ਵਾਹ, ਬਾਬਾ ਜੀ ਦੇ ਚਿਹਰੇ ਤੇ ਤਾਂ ਕਹਿਰਾਂ ਦਾ ਨੂਰ ਏ।

ਅਮਲੀ : ਨੂਰ ਕਿਵੇਂ ਨਾ ਹੋਵੇ। ਦਿਨੇ ਖੀਰਾਂ ਖਾਂਦੇ ਨੇ ਤੇ ਰਾਤ ਨੂੰ ਲੀਟਰ ਲੀਟਰ ਦਾਰੂ ਚਾੜ ਕੇ ਸੌਂਦੇ ਨੇ।

ਕਰਮੀ : ਤੂੰ ਆਪਣਾ ਲੈਕਚਰ ਬੰਦ ਕਰ। ਮੈਨੂੰ ਤਾਂ ਕਿੰਨੇ ਦਿਨ ਪਹਿਲਾਂ ਈ ਜਾਣਾ ਚਾਹੀਦਾ ਸੀ ਬਾਬਿਆਂ ਕੋਲ। ਉਹਨਾਂ ਦਵਾਈ ਦਿੱਤੀ ਏ। ਕਹਿੰਦੇ ਸੀ – ਬੀਬੀ ਤੇਰਾ ਬੰਦਾ ਆਹ ਦਵਾਈ ਖਾਵੇਗਾ ਤਾਂ ਉਹਦੇ ਅਮਲ ਵੀ ਗਲੋਂ ਲਹਿ ਜਾਣਗੇ ਤੇ ਸਿਹਤ ਵੀ ਘੋੜੇ ਵਰਗੀ ਹੋ ਜਾਵੇਗੀ।

ਅਮਲੀ : ਨਾ ਘੋੜਾ ਬਣ ਕੇ ਮੈਂ ਕਿਹੜਾ ਤਾਂਗਾ ਖਿਚਣੈਂ।

ਕਰਮੀ : ਮੂੰਹ ਖੋਹਲ ਤੇ ਆਹ ਦਵਾਈ ਖਾ। ਫਿਰ ਵੇਖੀਂ ਦੇਹ ਕਿਵੇਂ ਰਾਜੀ



ਹੁੰਦੀ ਏ।

(ਅਮਲੀ ਹੱਥ ਮਾਰ ਕੇ ਪੁੜੀ ਜ਼ਮੀਨ ਤੇ ਸੁੱਟ ਦਿੰਦਾ ਹੈ)

ਆਹ ਕੀ ਕੀਤੈ ? ਬੇੜਾ ਗਰਕ ਹੋ ਜਾਏ ਤੇਰਾ

ਅਮਲੀ : (ਨਸ਼ੇ ਦੀ ਤੋਟ ਮਹਿਸੂਸ ਕਰਦਾ ਹੋਇਆ) ਹਾਏ..... ਹਾਏ... ਕੋਠੇ 'ਚ ਦੋ ਪੁੜੀਆਂ ਪਈਆਂ ਸੀ ਭੁੱਕੀ ਦੀਆਂ।

ਕਰਮੀ : ਸੁੱਟ ਦਿੱਤੀਆਂ ਮੈਂ ਵੱਡੀਆਂ ਸੁਗਾਤਾਂ।

(ਦਰਵਾਜੇ ਦੇ ਕੁੰਡੇ ਦਾ ਖੜਾਕ)

ਅਮਲੀ : ਆ ਜਾਓ ਲੰਘ ਆਓ (ਦੀਪਾ ਆਉਂਦਾ ਹੈ)

ਦੀਪਾ : ਚਾਚਾ ਕੁੱਝ ਢਿੱਲਾ ਜਾਪਦੈ, ਨਸ਼ੇ ਦੀ ਤੋਟ ਤਾਂ ਨਹੀਂ ਆ ਗਈ ?

ਕਰਮੀ : ਇਹਨੇ ਢਿੱਲਾ ਈ ਹੋਣੈ। ਨਸ਼ੇ ਲਾ ਲਏ ਸੋਨੇ ਵਰਗੀ ਦੇਹ ਗਾਲ ਲਈ ਨਾਲੇ ਘਰ ਦਾ ਦੀਵਾਲਾ ਕੱਢ ਤਾ। ਪਰ ਹੁਣ ਮੈਂ ਪੱਕਾ ਫੈਸਲਾ ਕਰ ਲਿਐ ਕਿ ਇਹਦੇ ਨਸ਼ੇ ਛੁਡਾ ਕੇ ਰਹਾਂਗੀ।

ਦੀਪਾ : ਉਹ ਕਿਵੇਂ ਚਾਚੀ ?

ਕਰਮੀ : ਪਿੰਡ ਜਿਹੜੇ ਬਾਬਾ ਜੀ ਆਏ ਨੇ, ਉਹਨਾਂ ਤੋਂ ਭਬੂਤਾ ਲਿਆ ਕੇ ਦਿੱਤਾ ਏ ?

ਅਮਲੀ : ਦੀਪਿਆ, ਮੈਂ ਤੇਰੀ ਚਾਚੀ ਨੂੰ ਕਿਹੈ ਜੇ ਮੇਰੇ ਨਸ਼ੇ ਜ਼ਰੂਰ ਏ ਛੁਡਾਉਣੇ ਨੇ ਤਾਂ ਮੈਨੂੰ ਕਿਸੇ ਚੰਗੇ ਜਿਹੇ ਡਾਕਟਰ ਕੋਲ ਲੈ ਚਲ ਪਰ ਆਹ ਅਫਲਾਤੂਨ ਦੀ ਬੱਚੀ ਸਾਧ ਦੇ ਡੇਰੇ ਤੋਂ ਸਵਾਹ ਕੱਠੀ ਕਰਕੇ ਚੁੱਕ ਲਿਆਈ ਏ।

ਦੀਪਾ : ਚਾਚੀ, ਚਾਚੇ ਨੇ ਗੱਲ ਠੀਕ ਕੀਤੀ ਏ। ਤੁਸੀਂ ਸੁਣਿਆ ਨਹੀਂ ਪਿੰਡ ਧੰਮਪੁਰਾ ਦੇ ਪੰਜ ਸਾਲ ਦੇ ਬਾਬੇ ਦੀ ਕਹਾਣੀ ਜਿਹਦੀ ਮਾਂ ਨੇ ਲੋਕਾਂ ਨੂੰ ਬੁੱਧੂ ਬਣਾ ਕੇ ਆਪਣਾ ਘਰ ਭਰ ਲਿਆ ਨੋਟਾਂ ਨਾਲ।

ਕਰਮੀ : ਮੈਂ ਤਾਂ ਧੰਮਪੁਰ ਵਾਲੇ ਕਿਸੇ ਬਾਬੇ ਦੀ ਗੱਲ ਨਹੀਂ ਸੁਣੀ।

ਦੀਪਾ : ਤਾਂ ਲਉ, ਸੁਣੋ, ਤੁਹਾਨੂੰ ਕਵਿਤਾ 'ਚ ਸੁਣਾ ਰਿਹਾਂ। (ਡਾਇਰੀ ਵਿੱਚੋਂ ਪੜ੍ਹਦਾ ਹੈ)

ਇਕ ਚਲਾਕ ਔਰਤ ਨੂੰ ਸੁਝਿਆ ਸ਼ੈਤਾਨੀ ਵਿਚਾਰ।<br>
ਸਾਰੇ ਢੰਡੋਰਾ ਪਿੱਟਿਆ, ਕਹਿੰਦੀ ਮੇਰਾ ਪੰਜ ਸਾਲਾ ਬੱਚਾ<br>
ਜਗਤ 'ਚ ਆਇਆ ਬਣ ਰੱਬੀ ਅਵਤਾਰ।

ਕਰਮੀ : (ਹੈਰਾਨੀ ਵਿੱਚ) ਰੱਬੀ ਅਵਤਾਰ ?

ਦੀਪਾ : ਹਾਂ, ਕਹਿੰਦੀ ਪਿਛਲੇ ਜਨਮ ਦੀ, ਇਹਨੂੰ ਯਾਦ ਆ ਗਈ ਸਾਰੀ।<br>
ਭਜਨ ਇਹਦਾ ਨਾਂ ਸੀ, ਸਭ ਜਾਣਦੇ ਨਰ ਤੇ ਨਾਰੀ।

ਛੇ ਸਾਲ ਪਹਿਲਾਂ ਜ਼ਹਿਰ ਖਾ ਕੇ ਮਰ ਗਿਆ, ਉਹ ਯੋਧਾ ਬਲਕਾਰੀ। ਹੁਣ ਦੂਜਾ ਜਨਮ ਧਾਰਿਆ, ਬੱਚਾ ਗੱਲ ਦੱਸਦਾ ਸਾਰੀ।

ਕਰਮੀ : (ਉਤਸੁਕਤਾ ਵਿੱਚ) ਫਿਰ ਕੀ ਹੋਇਆ ?

ਦੀਪਾ : ਇਧਰ ਲੋਕਾਂ ਦੀ ਮੱਤ ਵੇਖੋ, ਧੰਮਪੁਰੇ ਵੱਲ ਘੱਤ ਲਈਆਂ ਵਹੀਰਾਂ। ਕਈ ਉਹਨੂੰ ਸੰਤ ਕਹਿਣ ਕਈਆਂ ਮੰਨਿਆ ਵਾਂਗ ਫਕੀਰਾਂ। ਮੱਥੇ ਉਥੇ ਰਗੜਨ ਲੱਗੇ, ਨੱਕ ਨਾਲ ਕੱਢੀਆਂ ਖੂਬ ਲਕੀਰਾਂ।

ਕਰਮੀ : ਅੱਛਾ! ਬੜੇ ਲੋਕ ਉਥੇ ਗਏ ਹੋਣਗੇ ?

ਦੀਪਾ : ਹਾਂ, ਹੰਸੋ, ਬੰਸੋ, ਕੰਤੋ, ਬੰਤੋ, ਸੰਤੋ ਤੇ ਗਈ ਕਰਤਾਰੀ। ਸ਼ੀਲੋ, ਨੀਲੋ, ਰਾਧੀ, ਛਿਨੋ ਤੇ ਪਹੁੰਚੀ ਰਾਮ ਪਿਆਰੀ। ਬਬਲੀ, ਬੰਟੀ, ਬੌਬੀ ਵੀ ਗਈ, ਜਿਹਨੇ ਸਾਰੀ ਦੁਨੀਆਂ ਚਾਰੀ। ਨੱਬੇ ਜਨਾਨੀਆਂ ਤੇ ਦਸ ਬੰਦੇ, ਰੌਣਕ ਹੋ ਗਈ ਭਾਰੀ। ਉਲਟੀ ਗੰਗਾ ਚਲਣ ਲੱਗੀ, ਕੰਮ ਹੋ ਗਿਆ ਔਖਾ। ਨੈਨ ਪ੍ਰੀਤੋ ਦੇ ਵੀ, ਖਾ ਗਏ ਉਥੇ ਧੋਖਾ।

(ਡਾਇਰੀ ਬੰਦ ਕਰਦਾ ਹੈ) ਚਾਚੀ, ਪਾਜ ਤਾਂ ਉਸ ਔਰਤ ਦਾ ਉਦੋਂ ਖੁਲਿਆ ਜਦ ਤਰਕਸ਼ੀਲ ਸੁਸਾਇਟੀ ਵਾਲਿਆਂ ਨੇ ਉਸ ਚਲਾਕ ਔਰਤ ਦੇ ਘਰ ਨੂੰ ਘੇਰਾ ਪਾ ਲਿਆ।

ਕਰਮੀ : ਉਹਨਾਂ ਦੇ ਘਰ ਨੂੰ ਘੇਰਾ ਪਾਉਣ ਵਾਲੀ ਆਹ ਕਿਹੜੀ ਸੈਟੀ ਹੋਈ ?

ਦੀਪਾ : ਇਹ ਪੜ੍ਹੇ ਲਿਖੇ ਲੋਕਾਂ ਦੀ ਸੰਸਥਾ ਏ ਜਿਹਨੇ ਉਸ ਮੁੰਡੇ ਨੂੰ ਕੁਝ ਸਵਾਲ ਕੀਤੇ ਤਾਂ ਉਹ ਮੁੰਡਾ ਇਕ ਵੀ ਸਵਾਲ ਦਾ ਜਵਾਬ ਨਾ ਦੇ ਸਕਿਆ। ਉਸ ਮੁੰਡੇ ਦੀ ਮਾਂ ਨੇ ਮਾਫੀ ਮੰਗ ਕੇ ਜਾਨ ਛੁਡਾਈ।

ਕਰਮੀ : ਨਾ ਪੁੱਤ, ਧੰਮਪੁਰੇ ਦੀ ਗੱਲ ਛੱਡ ਪਰ ਜਿਹੜੇ ਬਾਬਾ ਜੀ ਆਪਣੇ ਪਿੰਡ ਆਏ ਨੇ ਉਹਨਾਂ ਨੂੰ ਮੰਦਾ ਨਾ ਬੋਲੀਂ।

ਅਲਮੀ : ਉਹਨੂੰ ਕੋਈ ਚੰਗਾ ਕਿਵੇਂ ਬੋਲੇਗਾ ? ਉਹ ਸਾਧ ਤਾਂ ਆ ਗਿਐ, ਆਹ ਭੈੜੀ ਜਨਾਨੀ ਮੇਰੀਆਂ ਪੁੜੀਆਂ ਬਾਹਰ ਸੁੱਟ ਕੇ ਸਵਾਹ ਚੁੱਕ ਲਿਆਈ ਏ। ਦੀਪਿਓ, ਤੂੰ ਮੈਨੂੰ ਸ਼ਹਿਰ ਵਾਲੇ ਡਾਕਟਰ ਕੋਲ ਲੈ ਜਾ, ਨਹੀਂ ਤਾਂ ਮੈਂ ਗੱਡੀ ਚੜ੍ਹ ਜਾਣੈਂ।

ਦੀਪਾ : ਘਬਰਾ ਨਾ ਚਾਚਾ, ਕਲ੍ਹ ਈ ਲੈ ਕੇ ਚੱਲਦਾਂ। (ਦਰਵਾਜੇ ਦਾ ਕੁੰਡਾ ਖੜਕਦਾ ਹੈ, ਫੁੰਮਣ ਤੇ ਭਗਤੇ ਦੀ ਆਵਾਜ਼ ਸੁਣਦੀ ਹੈ)

ਫੁੰਮਣ : ਗਜਬ ਹੋ ਗਿਐ, ਅਸੀਂ ਪਿੰਡ ਵਾਲੇ ਦਿਨ ਦੀਵੀਂ ਲੁੱਟੇ ਗਏ।

ਭਗਤਾ : ਸਾਰੇ ਪਿੰਡ ਦੀ ਨੱਕ ਵੱਢੀ ਗਈ।



ਕਰਮੀ : ਕਿਹੜਾ ਭਾਣਾ ਵਰਤ ਗਿਐ ?

ਫੁੰਮਣ : ਉਹ ਸਾਧ ਜਿਹਨੂੰ ਅਸੀਂ ਬਾਬਾ ਜੀ, ਬਾਬਾ ਜੀ ਕਹਿੰਦੇ ਸੀ....

ਭਗਤ : ਜਿਹਦੀਆਂ ਲੱਤਾਂ ਘੁੱਟ ਘੁੱਟ ਸਾਡੀਆਂ ਬਾਹਵਾਂ 'ਚ ਖੱਲੀਆਂ ਪੈ ਗਈਆਂ।

ਅਮਲੀ : ਕੀ ਹੋਇਆ ਉਸ ਪਤੰਦਰ ਨੂੰ ?

ਫੁੰਮਣ : ਉਹ ਸਾਧ ਪਿੰਡ ਦੇ ਚੜ੍ਹਦੇ ਪਾਸ ਦੀ ਕੁੜੀ ਕੱਢ ਕੇ ਫਰਾਰ ਹੋ ਗਿਐ।

ਦੀਪਾ : ਇਹੋ ਕੰਮ ਕਰਦੇ ਨੇ ਇਹ ਪਾਖੰਡੀ ਲੋਕ। ਤੁਹਾਡੀ ਈ ਖਾਂਦੇ ਰਹੇ ਤੇ ਤੁਹਾਡੇ ਸਿਰ 'ਚ ਈ ਮਿੱਟੀ ਪਾ ਗਏ।

ਕਰਮੀ : (ਪਰੇਸ਼ਾਨੀ ਵਿਚ) ਹਾਏ ਰੱਬਾ! ਇਹ ਕੀ ਹੋ ਗਿਐ ? ਇਵੇਂ ਤਾਂ ਮੈਂ ਸੁਫਨੇ 'ਚ ਵੀ ਨਹੀਂ ਸੀ ਸੋਚਿਆ।

ਅਮਲੀ : (ਵਿਅੰਗ ਨਾਲ) ਨਾ ਅੱਗੇ ਤੂੰ ਸੁਫ਼ਨੇ ਈ ਲੈਂਦੀ ਰਹੀ ਏਂ! ਫੁੰਮਣ ਤੇ ਭਗਤੇ ਨੂੰ ਬਾਬਾ ਨਾਲ ਕਿਉਂ ਨਹੀਂ ਲੈ ਗਿਐ, ਸ਼ੈਦ ਪਿੱਛੇ ਪਰਚਾਰ ਕਰਨ ਵਾਸਤੇ ਛੱਡ ਗਿਐ।

ਫੁੰਮਣ : ਸਾਨੂੰ ਟਾਂਚ ਨਾ ਕਰ ਅਮਲੀਆ। ਅਸੀਂ ਤਾਂ ਪਹਿਲਾਂ ਈ ਪਰੇਸ਼ਾਨ ਆਂ।

ਅਮਲੀ : ਤੁਹਾਡੀ ਲੱਥੀ ਏ ਕਿ ਨਹੀਂ ਕਲਯੁਗ ਦੀ ਮੈਲ! ਜੇ ਪੂਰੀ ਨਹੀਂ ਲੱਥੀ ਤਾਂ ਇਕ ਸਾਧ ਹੋਰ ਲੈ ਆਓ।

ਭਗਤਾ : ਬੱਸ ਕਰ ਅਮਲੀਆ, ਸਾਨੂੰ ਤਾਂ ਅੱਜ ਚਾਨਣ ਹੋਇਐ।

ਦੀਪਾ : ਹੁਣ ਲੋੜ ਏ ਵਿਦਿਆ ਦੇ ਚਾਨਣ ਦੀ, ਤਾਂ ਹੀ ਇਹਨਾਂ ਪਾਖੰਡੀ ਤੇ ਵਿਹਲੜ ਲੋਕਾਂ ਦਾ ਬੋਰੀ ਬਿਸਤਰਾ ਗੋਲ ਹੋਵੇਗਾ। (ਅਮਲੀ ਨੂੰ), ਚਾਚਾ, ਤੂੰ ਸਾਡੇ ਨਾਲ ਖੜ੍ਹਾ ਰਿਹੈਂ, ਮੈਨੂੰ ਤੇਰੇ ਤੇ ਮਾਣ ਏ। ਤੇਰੇ ਨਸ਼ੇ ਛੁਡਾਉਣ ਲਈ ਮੈਂ ਤੈਨੂੰ ਕੱਲ੍ਹ ਸਵੇਰੇ ਸ਼ਹਿਰ ਦੇ ਇਕ ਡਾਕਟਰ ਕੋਲ ਲੈ ਕੇ ਜਾਵਾਂਗਾ।

ਅਮਲੀ : (ਖੁਸ਼ ਹੋ ਕੇ) ਫਿਰ ਉਤਰੇਗੀ ਮੇਰੀ ਕਲਯੁਗ ਦੀ ਮੈਲ।

ਕਰਮੀ : (ਹੈਰਾਨੀ ਵਿਚ) ਰੱਬਾ! ਮੈਂ ਇਹ ਸਭ ਕੀ ਵੇਖਦੀ ਪਈ ਆਂ।

ਗੀਤ : ਪਾਜ ਖੋਹਲ ਪਾਖੰਡੀਆਂ ਦਾ, ਸੱਥ ਨੂੰ ਮੁਕਤ ਕਰਾਉਣਾ ਹੈ। ਵਹਿਮ ਭਰਮ ਦੀ ਫੱਟੀ ਪੋਚ, ਚਾਨਣ ਦਾ ਮੀਂਹ ਵਰਸਾਉਣਾ ਹੈ। ਰੂੜੀਵਾਦੀ ਦੀ ਜੜ੍ਹ ਵੱਢ ਕੇ, ਨਵਾਂ ਸਮਾਜ ਬਣਾਉਣਾ ਹੈ। ਮਾਰ ਕੇ ਛਿੱਟਾ ਵਿੱਦਿਆ ਦਾ, ਅਸਾਂ ਸਭ ਨੂੰ ਆਣ ਜਗਾਉਣਾ ਹੈ।

(ਸਮਾਪਤ)

# ਕਹਾਣੀ/ਮਿੰਨੀ ਕਹਾਣੀਆਂ

*ਕਹਾਣੀ*

## ਆਪਣੀ ਆਪਣੀ ਪਹੁੰਚ

**ਸੁਰਿੰਦਰ ਰਾਮਪੁਰੀ**

ਗੱਲ ਸਿਰਫ਼ ਏਨੀ ਹੀ ਸੀ ਕਿ ਜਦੋਂ ਦਫ਼ਤਰ ਦੇ ਇਕ ਕਲਰਕ ਨੇ ਮੇਜ਼ ਦਾ ਦਰਾਜ਼ ਖੋਲ੍ਹਿਆ ਤਾਂ ਉਸ ਵਿਚ ਲਾਟਰੀ ਦੇ ਟਿਕਟ ਪਏ ਸਨ। ਟਿਕਟ ਵੀ ਥੱਬੇ ਦਾ ਥੱਬਾ। "ਆਹ ਟਿਕਟ ਕੀਹਦੇ ਨੀ ਬਈ ?" ਉਸ ਬੁੱਲ੍ਹਾਂ 'ਚ ਮੁਸਕਰਾਉਂਦਿਆਂ ਹੱਥ ਉਤਾਂਹ ਕਰਕੇ ਟਿਕਟ ਹਵਾ 'ਚ ਲਹਿਰਾਏ। ਵਿਹਲਿਆਂ ਨੂੰ ਜਿਵੇਂ ਕੰਮ ਮਿਲ ਗਿਆ ਹੋਵੇ। "ਦੇਖੋ ਤਾਂ ਸਹੀ ਕਿਹੜੀ ਤਰੀਕ ਦੇ ਨੇ।" ਤਰੀਕ ਦੇਖੀ, ਸਾਰੇ ਟਿਕਟ ਥੱਬੇ ਦਾ ਥੱਬਾ ਹੀ 2 ਤਰੀਕ ਦੇ ਡਰਾਅ ਦੇ ਸਨ। "ਇਹ ਤਾਂ ਨੰਬਰੀ ਐ ਬੀ, ਦੇਖੋ ਕਿਹੜਾ ਨੰਬਰ ਐ।" ਨੰਬਰ ਦੇਖੇ ਇਕ ਲਾਟਰੀ ਦੇ ਕੁਝ ਸੱਤੇ ਸਨ, ਦੂਸਰੀ ਦੇ ਤੀਏ ਤੇ ਤੀਸਰੇ ਦੇ ਪਾਂਜੇ ਸਨ। "ਕਮਾਲ ਹੈ ਬਈ, ਰਕਮ ਗਿਣੋਂ, ਕੁੱਲ ਜੋੜ ਲਾਓ। ਬਾਊ ਜੀ ਨੂੰ ਦਿਓ। ਬਾਊ ਜੀ ਤੁਸੀਂ ਲਾਓ ਜੋੜ।" ਟਿਕਟ ਲੇਖਾਕਾਰ ਕੋਲ ਪਹੁੰਚ ਗਏ। ਉਸ ਜੋੜ ਲਾਇਆ। ਦੋ ਸੌ ਪਚਵੰਜਾ ਰੁਪਏ ਦੇ ਕੁੱਲ ਟਿਕਟ ਬਣੇ। "ਬਾਊ ਜੀ ਟਿਕਟ ਉਹਨੇ ਹੋਰ ਵੀ ਪਾਏ ਹੋਣਗੇ ਜਿਹੜੇ ਨੰਬਰ ਆ ਗੇ ਉਹ ਲੈ ਗਿਆ ਹੋਣੈ, ਬਾਕੀ ਇਥੇ ਦਰਾਜ਼ 'ਚ ਰੱਖ ਕੇ ਭੁੱਲ ਗਿਐ।"

ਇਹ ਮੇਜ਼ ਦਫ਼ਤਰ ਦੇ ਇਕ ਕੋਨੇ 'ਚ ਵਾਧੂ ਪਿਆ ਹੋਇਆ ਹੈ। ਇਥੇ ਕਿਸੇ ਦੀ ਵੀ ਸੀਟ ਨਹੀਂ। ਦੁਪਹਿਰ ਵੇਲੇ ਸਾਰੇ ਇਕੱਠੇ ਹੋ ਕੇ ਇਸ ਮੇਜ਼ 'ਤੇ ਰੋਟੀ ਖਾਂਦੇ ਹਨ। ਕੋਈ ਜਸ਼ਨ ਹੋਵੇ, ਇਸੇ ਹੀ ਮੇਜ਼ ਨੂੰ ਬਾਹਰ ਧੁੱਪ ਵਿਚ ਕੱਢ ਲੈਂਦੇ ਹਨ। ਬਾਕੀ ਦਾ ਸਾਰਾ ਸਾਲ ਅੰਦਰ ਪਿਆ ਰਹਿੰਦਾ ਹੈ, ਕਮਰੇ ਵਿਚ। ਇਕ ਹੀ ਕਮਰਾ ਹੈ ਇਸ ਦਫ਼ਤਰ ਦਾ। ਵੱਡਾ ਸਾਰਾ ਇਕ ਸ਼ੈਡ। ਪਲਾਈ ਦੀ 'ਪਾਰਟੀਸ਼ਨ' ਕਰ ਕੇ ਅਫ਼ਸਰ ਦੇ ਬੈਠਣ ਲਈ ਇਕ ਕੈਬਨ ਬਣਾਇਆ ਹੋਇਆ ਹੈ। ਛੋਟਾ ਜਿਹਾ ਦਫ਼ਤਰ ਹੈ ਇਹ। ਇਕ ਅਫ਼ਸਰ, ਇਕ ਲੇਖਾਕਾਰ, ਦੋ ਕਲਰਕ, ਇਕ ਸਟੈਨੋ, ਇਕ ਚਪੜਾਸੀ ਅਤੇ ਇਕ ਚੌਂਕੀਦਾਰ। ਇਕ ਅੱਧ ਤਾਂ ਛੁੱਟੀ ਤੇ ਹੁੰਦਾ ਹੀ ਹੈ, ਇਹ ਅੱਧ ਟੂਰ 'ਤੇ। ਚੌਂਕੀਦਾਰ ਆਉਂਦਾ ਹੀ ਸ਼ਾਮ ਨੂੰ ਹੈ। ਬੱਸ ਬਾਕੀ ਰਹਿ ਹੀ ਕਿੰਨੇ ਕੁ ਮੁਲਾਜ਼ਮ ਜਾਂਦੇ ਹਨ। ਛੋਟਾ ਦਫ਼ਤਰ, ਕੰਮ ਨਾ ਮਾਤਰ। ਵਕਤ ਗੁਜ਼ਾਰਨ ਲਈ ਨਿੱਤ ਨਵੇਂ ਸ਼ੁਗਲ ਦੀ ਭਾਲ ਵਿੱਚ ਰਹਿੰਦੇ ਹਨ।

ਕਮਰੇ ਦੇ ਨਾਲ ਵਿਹੜਾ ਹੈ। ਕਮਰੇ ਤੋਂ ਤਕਰੀਬਨ ਤਿੰਨ ਗੁਣਾਂ। ਵਿਹੜੇ ਵਿੱਚ ਅੰਬਾਂ ਦੇ ਬੂਟੇ ਵੀ ਹਨ, ਅਮਰੂਦਾਂ ਦੇ ਵੀ। ਕਦੇ ਚਪੜਾਸੀ ਅਤੇ ਚੌਂਕੀਦਾਰ ਨੂੰ ਘੂਰ ਦਬਕ ਕੇ, ਕਦੇ ਪਿਆਰ ਨਾਲ ਹੱਲਾਸ਼ੇਰੀ ਦੇ ਕੇ, ਮੌਸਮ ਅਨੁਸਾਰ ਸਬਜ਼ੀ ਬੀਜ਼ ਲੈਂਦੇ ਹਨ। ਲਸਣ ਲਾ ਲੈਂਦੇ ਹਨ। ਮੂਲੀਆਂ, ਪਾਲਕ ਅਤੇ ਸਲਾਦ। ਲਸਣ ਵੰਡਣ ਸਮੇਂ ਪਹਿਲਾਂ



ਗੁੱਟੀਆਂ ਬਣਾਉਣਗੇ ਫਿਰ ਗਿਣਨਗੇ, ਫਿਰ ਵੰਡ ਪਾਉਣਗੇ। ਹਰ ਇਕ ਦੀ ਕੋਸ਼ਿਸ਼ ਹੋਵੇਗੀ ਕਿ ਵੱਡੀਆਂ ਗੁੱਟੀਆਂ ਉਸ ਦੇ ਹਿੱਸੇ ਹੀ ਆਉਣ। ਉਪਰੋਂ ਕੋਈ ਕੁਝ ਨਹੀਂ ਬੋਲੇਗਾ। ਵਿਚੋਂ ਵਿਚ ਵਿਸ ਘੋਲਦਾ ਹਰ ਕੋਈ ਵੱਧ ਹਿੱਸਾ ਲੈਣ ਦੀ ਕੋਸ਼ਿਸ਼ ਕਰੇਗਾ। ਅੰਬ ਜਾਂ ਅਮਰੂਦ ਜਾਂ ਸਬਜ਼ੀ ਇਕ ਦੂਜੇ ਦੀ ਅੱਖ ਬਚਾ ਕੇ ਤੋੜਨਗੇ। ਦੁਪਹਿਰ ਦੇ ਖਾਣੇ ਤੋਂ ਕੁਝ ਸਮਾਂ ਪਹਿਲਾਂ ਮੂਲੀਆਂ ਖਾਣਗੇ, ਪਾਲਕ ਅਤੇ ਸਲਾਦ ਪੱਤੇ। ਉਸ ਦਿਨ ਵੀ ਮੂਲੀਆਂ, ਪਾਲਕ ਅਤੇ ਸਲਾਦ ਪੱਤੇ ਉਤੇ ਪਾਉਣ ਲਈ ਲੂਣ ਨੂੰਣ ਵਾਸਤੇ ਇਕ ਕਲਰਕ ਨੇ ਮੇਜ਼ ਦਾ ਦਰਾਜ਼ ਖੋਲ੍ਹਿਆ ਸੀ ਕਿ ਲਾਟਰੀ ਦੀਆਂ ਟਿਕਟਾਂ ਹੱਥ ਲਗ ਗਈਆਂ ਜਿਵੇਂ ਇਕ ਦਿਨ ਲੰਘਾਉਣ ਲਈ ਸ਼ੁਗਲ ਮਿਲ ਗਿਆ ਹੋਵੇ।

"ਹਰਾਮ ਦਾ ਹੈ ਸਾਲਾ, ਤਾਹੀਓਂ ਤਾਂ ਸਾਰਾ ਮਹੀਨਾ ਮੰਗਦਾ ਰਹਿੰਦਾ ਹੈ।" ਤਰਸੇਮ ਲਾਲ ਬੋਲਿਆ। ਤਰਸੇਮ ਲਾਲ ਅਨੁਭਵੀ ਕਲਰਕ ਹੈ। ਉਸ ਦੇ ਵਾਲ ਧੁੱਪ ਨਾਲ ਹੀ ਚਿੱਟੇ ਨਹੀਂ ਹੋਏ, ਪੰਜਾਹ ਸਾਲ ਤੋਂ ਵੱਧ ਉਮਰ ਦੇ ਤਜਰਬੇ ਨੇ ਉਸ ਨੂੰ ਜੀਵਨ 'ਚ ਬਹੁਤ ਕੁਝ ਸਿਖਾਇਆ ਹੈ। ਉਂਜ ਉਸ ਨੂੰ ਚਟਖਾਰਾ ਲੈ ਕੇ ਗੱਲ ਕਰਨ ਦੀ ਆਦਤ ਜਿਹੀ ਹੈ।

"ਬਾਬੂ ਜੀ ਦੇਖੋ ਕਿਵੇਂ ਢਾਈ ਸੌ ਰੁਪਿਆ ਬਰਬਾਦ ਕਰ ਗਿਐ।" ਦਿਲਸ਼ਾਦ ਅਲੀ ਨੇ ਹਉਕਾ ਲੈਂਦਿਆਂ ਆਖਿਆ। ਉਸ ਨੂੰ ਸੱਚਮੁੱਚ ਹੀ ਇਸ ਰਕਮ ਦੇ ਬਰਬਾਦ ਹੋਣ ਦਾ ਦੁੱਖ ਲੱਗ ਰਿਹਾ ਸੀ। ਦਿਲਸ਼ਾਦ ਅਲੀ ਨਵਾਂ ਨਵਾਂ ਮੁਲਾਜ਼ਮ ਹੈ। ਦੋ ਕੁ ਸਾਲ ਦੀ ਹੀ ਸਰਵਿਸ ਹੈ ਉਸ ਦੀ। ਅਤਿਵਾਦੀਆਂ ਵਲੋਂ ਚਲਾਈ ਗੋਲੀ ਨਾਲ ਉਸ ਦਾ ਬਾਪ ਚਾਹ ਦੀ ਦੁਕਾਨ ਵਿੱਚ ਬੈਠਾ ਮਾਰਿਆ ਗਿਆ ਸੀ। ਅਤਿਵਾਦੀ-ਪੀੜਤ ਹੋਣ ਸਦਕਾ ਹੀ ਉਸ ਨੂੰ ਸਰਕਾਰ ਵੱਲੋਂ ਕਲਰਕ ਦੀ ਨੌਕਰੀ ਮਿਲੀ ਸੀ। ਦੋ ਭੈਣਾਂ ਹਨ ਉਸ ਦੀਆਂ। ਦੋਵੇਂ ਹੀ ਵਿਆਹੁਣ ਦੀ ਉਮਰ ਵਿਚ। ਇਕ ਭਾਈ ਹੈ, ਸਭ ਤੋਂ ਛੋਟਾ। ਉਸ ਨੂੰ ਲੱਗ ਰਿਹਾ ਸੀ। ਜਿਵੇਂ ਕਿਸੇ ਨੇ ਏਨੀ ਵੱਡੀ ਰਕਮ ਭੰਗ ਦੇ ਭਾੜੇ ਗੁਆ ਦਿੱਤੀ ਹੋਵੇ। ਉਹ ਸੋਚ ਰਿਹਾ ਸੀ, ਏਨੇ ਪੈਸਿਆਂ ਨਾਲ ਘਰ ਦੀ ਕੋਈ ਨਾ ਕੋਈ ਖੁੱਡ ਤਾਂ ਮੁੰਦੀ ਜਾ ਹੀ ਸਕਦੀ ਹੈ।

"ਆਪਾਂ ਉਂਜ ਪੱਕਾ ਕਹਿ ਵੀ ਕਿਵੇਂ ਸਕਦੇ ਹਾਂ ਕਿ ਉਹਨੇ ਹੀ ਰੱਖੇ ਨੇ ਟਿਕਟ।" ਜੁਗਿੰਦਰ ਸਿੰਘ ਇੰਜ ਬੋਲਿਆ ਜਿਵੇਂ ਉਨ੍ਹਾਂ ਸਾਰਿਆਂ ਨੇ ਟਿਕਟ ਰੱਖਣ ਵਾਲੇ ਦਾ ਸੁਰਾਗ ਲਾ ਲਿਆ ਹੋਵੇ। ਜੁਗਿੰਦਰ ਸਿੰਘ ਦਫ਼ਤਰ ਦਾ ਲੇਖਾਕਾਰ ਹੈ। ਉਸ ਦਾ ਪਿੰਡ ਇਸ਼ ਸ਼ਹਿਰੋਂ ਦੂਰ ਹੈ। ਬੱਚੇ ਪਿੰਡ ਹੀ ਪੜ੍ਹਦੇ ਹਨ। ਉਹ ਇਕੱਲਾ ਹੀ ਕਮਰਾ ਲੈ ਕੇ ਸ਼ਹਿਰ ਰਹਿ ਰਿਹਾ ਹੈ।

"ਤੁਸੀਂ ਵੀ ਕਮਾਲ ਕਰਦੇ ਓ ਬਾਊ ਜੀ। ਹੋਰ ਕਿਹੜਾ ਖਰੀਦਦੈ ਏਥੇ ਲਾਟਰੀਆਂ। ਉਹੀ ਹੈ ਹਰਾਮ ਦਾ, ਛੇਤੀ ਅਮੀਰ ਹੋਣ ਲੱਗਿਐ।" ਤਰਸੇਮ ਲਾਲ ਆਪਣੇ ਸੁਭਾਅ ਮੁਤਾਬਕ ਉਚੀ ਸੁਰ 'ਚ ਬੋਲਿਆ।

ਫੌਜੀ, ਜੋ ਸਾਰੀ ਗੱਲ ਨੂੰ ਚੁੱਪਚਾਪ ਖੜ੍ਹਾ ਸੁਣ ਰਿਹਾ ਸੀ ਬਾਹਰ ਨੂੰ ਗਿਆ 'ਤੇ ਘੜੀ ਕੁ ਪਿੱਛੋਂ ਮੁੜ ਆਇਆ। ਉਸ ਦੇ ਚਿਹਰੇ 'ਚ ਰੌਣਕ ਸੀ ਜਿਵੇਂ ਕਿਸੇ ਚੋਰ ਨੂੰ ਪਾੜ ਤੋਂ ਫੜ ਲਿਆ ਹੋਵੇ। "ਅਮਰੂ ਨੇ ਹੀ ਰੱਖੀਆਂ ਨੇ ਜੀ ਇਹ ਟਿਕਟਾਂ। ਬਲਕਾਰੇ ਤੋਂ ਅਖ਼ਬਾਰ

ਲਿਆਇਆ ਸੀ, ਉਹ ਵੀ ਮੋੜ ਕੇ ਨਹੀਂ ਦਿੱਤਾ।" ਉਹ ਆਪਣੀ ਗੱਲ 'ਤੇ ਚਾਹ ਵਾਲੇ ਬਲਕਾਰੇ ਦੀ ਸਹੀ ਪਵਾ ਰਿਹਾ ਸੀ। ਚਲ ਸ਼ਾਮ ਨੂੰ ਪੁੱਛਾਂਗੇ, ਪਰ ਉਹਨੇ ਕਿਹੜਾ ਮੰਨਣੈਂ। ਸਾਰਿਆਂ ਦੀ ਰਾਏ ਸੀ ਕਿ ਅਮਰ ਚੰਦ ਚੌਂਕੀਦਾਰ ਨੇ ਹੀ ਇਕ ਟਿਕਟ ਦਰਾਜ਼ 'ਚ ਰੱਖੇ ਨੇ।

ਅਮਰ ਚੰਦ ਚੌਂਕੀਦਾਰ, ਇਸੇ ਸ਼ਹਿਰ ਦੇ ਦੂਸਰੇ ਦਫ਼ਤਰ ਵਿਚੋਂ ਬਦਲ ਕੇ ਆਇਆ ਸੀ, ਦੋ ਕੁ ਸਾਲ ਪਹਿਲਾਂ। ਸਾਰੇ ਸਟਾਫ਼ ਨੇ ਰਲ ਕੇ ਉਸ ਦੀ ਸ਼ਿਕਾਇਤ ਕੀਤੀ ਸੀ। ਚਪੜਾਸੀ ਤੋਂ ਲੈ ਕੇ ਅਫ਼ਸਰ ਤੱਕ ਉਸ ਦੇ ਵਿਰੁੱਧ ਸਨ। ਉਸ ਨੂੰ ਤਬਦੀਲ ਕਰ ਕੇ ਇਸ ਦਫ਼ਤਰ ਵਿੱਚ ਭੇਜ ਦਿੱਤਾ ਗਿਆ ਸੀ। ਇਥੇ ਆ ਕੇ ਉਹ ਪਹਿਲੇ ਦਫ਼ਤਰ ਦੇ ਸਾਰੇ ਸਟਾਫ਼ ਵਿਰੁੱਧ ਅਵਾ-ਤਵਾ ਬੋਲਦਾ ਰਹਿੰਦਾ। ਉਨ੍ਹਾਂ ਦੀ ਬਦਖੋਈ ਕਰਦਾ ਰਹਿੰਦਾ. ਫਿਰ ਆਖਦਾ "ਮੈਂ ਤਾਂ ਨਰਕ 'ਚੋਂ ਨਿਕਲ ਕੇ ਆਇਆਂ ਬਾਊ ਜੀ। ਮੈਂ ਤਾਂ ਸਵਰਗ 'ਚ ਆ ਗਿਐ। ਕੁੱਬੇ ਦੇ ਮਾਰੀ ਲੱਤ ਰਾਸ ਆ ਗਈ।" ਉਂਜ ਇਥੇ ਆ ਕੇ ਉਹ ਅੰਦਰੋਂ ਦੁਖੀ ਵੀ ਸੀ। ਇਥੇ ਤਾਂ ਉਹਨੂੰ ਕੋਈ 'ਪੀਣ' ਦੀ ਸੁਲ੍ਹਾ ਵੀ ਨਹੀਂ ਸੀ ਮਾਰਦਾ। ਉਥੇ ਤਾਂ ਨਿੱਤ ਹੀ ਮਿਲ ਜਾਂਦੀ ਸੀ। ਦਫ਼ਤਰ ਦੇ ਕੁਝ ਮੁਲਾਜ਼ਮ ਸ਼ਾਮ ਨੂੰ ਜਦੋਂ ਮਹਿਫ਼ਲ ਲਾਉਂਦੇ, ਉਹ 'ਸੇਵਾ' ਕਰਦਾ। ਉਸ ਦੀ 'ਸੇਵਾ' ਹੋ ਜਾਂਦੀ। ਇਹ ਦਫ਼ਤਰ ਤਾਂ ਸੀ ਹੀ ਬਿਲਕੁਲ ਛੋਟਾ ਜਿਹਾ। ਕੰਮ ਨਾਂ ਮਾਤਰ। ਫਿਰ ਅਮਲਾ ਵੀ ਅਜਿਹਾ, ਛੁੱਟੀ ਹੋਣਸਾਰ ਘਰ ਨੂੰ ਭੱਜਣ ਵਾਲਾ। ਇਕ ਲੇਖਾਕਾਰ ਹੀ ਹੈ ਜੋ ਕਦੇ ਕਦਾਈਂ ਦਫਤਰੀ ਸਮੇਂ ਮਗਰੋਂ ਵੀ ਬੈਠਾ ਰਹਿੰਦਾ ਹੈ। ਉਹਨੇ ਕਮਰੇ 'ਚ ਜਾ ਕੇ ਵੀ ਤਾਂ ਬੈਠਣਾ ਹੀ ਹੁੰਦਾ ਹੈ। ਅਮਰ ਚੰਦ ਉਸ ਨਾਲ ਦੁਖ-ਸੁਖ ਕਰ ਲੈਂਦਾ। ਕਦੀ ਆਖਦਾ, "ਬਾਊ ਜੀ ਤੁਸੀਂ ਤੀਹ ਪਾ ਦਿਓ ਮੈਂ ਦਸ ਪਾ ਦਿੰਨਾਂ, ਜ਼ਰਾ ਤਰਾਰੇ 'ਚ ਹੋ ਜੂ ਚਿੱਤ। ਕਦੇ ਆਖਦਾ, "ਪਿਓ ਨੇ ਮੈਨੂੰ ਕੁਝ ਵੀ ਨਹੀਂ ਦਿੱਤਾ ਸੀ। ਚਾਰ ਖਣ ਦਾ ਇਕ ਕੋਠੜਾ ਵੀ ਮੈਂ ਖੁਦ ਬਣਾਇਐ।" ਫਿਰ ਆਖਦਾ, "ਪਿਓ ਤਾਂ ਮੇਰਾ ਬਹੁਤ ਚੰਗਾ ਐ ਜੀ। ਬੁੜੀ ਈ ਮਾੜੀ ਹੈ। ਪਿਉ 'ਤੇ ਰੁਹਬ ਐ ਉਹਦਾ। ਉਹਦੇ ਮਗਰ ਲਗਦੈ। ਉਹਦਾ ਕਿਹਾ ਨੀਂ ਭੁੰਜੇ ਡਿੱਗਣ ਦਿੰਦਾ। ਬੁੜ੍ਹੀ ਕੁਝ ਦੇਣ ਨੀ ਦਿੰਦੀ ਮੈਨੂੰ।" ਲੋਰ 'ਚ ਆ ਅੰਦਰ ਫਰੋਲਦਾ ਹੋਇਆ ਵੀ ਕੁਝ ਨਾ ਕੁਝ ਲੁਕਾਉਣ ਦੀ ਕੋਸ਼ਿਸ਼ ਕਰਦਾ। ਬੁੜ੍ਹੀ ਤਾਂ ਮੇਰੀ ਪਹਿਲੀ ਤੀਵੀਂ ਨਾਲ ਵੀ ਲੜਦੀ ਰਹਿੰਦੀ ਸੀ। ਉਹ ਤਾਂ ਮਰ ਗਈ ਵਿਚਾਰੀ। ਅੱਗ ਲਗ ਗਈ ਸੀ ਉਹਨੂੰ। ਸਹੁਰਿਆਂ ਨੇ ਤਾ ਮੈਨੂੰ ਈ ਫਸਾ ਦਿੱਤਾ ਸੀ। ਉਹ ਤਾਂ ਬਬੁੜੇ ਨੇ ਬਚਾ ਲਿਆ। ਬੁੜ੍ਹੀ ਹੁਣ ਸੀਤੋ ਨਾਲ ਆਢਾ ਲਾਈ ਰੱਖਦੀ ਐ। ਬਈ ਅਸੀਂ ਹੁਣ ਅੱਡ-ਵਿੱਡ। ਤੂੰ ਦੱਸ ਕੀ ਲੈਣੈਂ। ਆਪਣੀ ਕਮਾਉਨੇ ਆਂ, ਖਾਂਦੇ ਆਂ। ਘਰ 'ਚੋਂ ਨਾ ਸਾਨੂੰ ਕੁਝ ਦਿੱਤਾ ਨਾ ਵਾਸਤਾ। ਮੇਰੀ ਪਹਿਲੀ ਤੀਵੀਂ ਦੀ ਪੇਟੀ ਵੀ ਚੁੱਕਣ ਨੀਂ ਦਿੱਤੀ। ਇਹ ਤਾਂ ਬਹੁਤ ਹੀ ਸਾਊ ਹੈ ਵਿਚਾਰੀ। ਦੋ ਮੁੰਡੇ ਨੇ ਸਿਉਨੇ ਵਰਗੇ। ਪਹਿਲੀ ਦੇ ਤਾਂ ਕੁਝ ਹੋਇਆ ਹੀ ਨੀ ਸੀ। ਸੀਤੋ ਮੈਥੋਂ ਤਾਂ ਪੰਦਰਾਂ ਸਾਲ ਛੋਟੀ ਐ। ਬੁੜ੍ਹੀ ਊਈਂ ਸ਼ੱਕ ਕਰੀ ਜਾਂਦੀ ਐ ਉਹਦੇ 'ਤੇ ਬਸ ਜੇ ਕਿਸੇ ਨਾਲ ਹਸ-ਬੋਲ ਲਊ, ਕੋਈ ਮੂੰਹ 'ਚ ਤਾਂ ਨੀਂ ਪਾ ਲਊ। ਫਿਰ ਅਸੀਂ ਗਰੀਬ-ਗੁਰਬੇ ਲੋਕ। ਬਾਲਣ ਵੀ ਲਿਆਉਣਾ ਹੁੰਦੈ। ਬਾਹਰ ਅੰਦਰ ਵੀ ਜਾਣਾ ਹੁੰਦੈ।' ਫਿਰ ਆਖਦਾ, "ਊਂ ਸੀਤੋ ਹੈ ਕੌੜੇ ਸੁਭਾਅ ਦੀ। ਕਨੌੜ ਨੀਂ ਝੱਲਦੀ



ਕਿਸੇ ਦੀ। ਕੋਈ ਮਾੜੀ ਅੱਖ ਨਾਲ ਝਾਕ ਤਾਂ ਜੇ ਪਾੜ ਕੇ ਰੱਖ ਦਊ। ਬਾਊ ਜੀ, ਘਰ ਦੀ ਲੜਾਈ ਕਰ ਕੇ ਈ ਤਾਂ ਅਸੀਂ ਉਧਰਲੇ ਦਫ਼ਤਰ ਵਿੱਚ ਚੌਂਕੀਦਾਰ ਕੁਆਟਰ ਲੈ ਲਿਆ ਸੀ। ਹੁਣ ਐਥੇ ਆ ਕੇ ਨਿਆਣੇ ਫਿਰ ਪਿੰਡ ਭੇਜਣੇ ਪੈ ਗਏ।"

ਇਸ ਦਫ਼ਤਰ ਵਿੱਚ ਆਉਂਦਿਆਂ ਹੀ ਅਮਰ ਚੰਦ ਨੇ ਮਿਹਨਤੀ ਹੋਣ ਦਾ ਪ੍ਰਭਾਵ ਪਾਉਣ ਲਈ ਵਿਹੜੇ ਵਿਚ ਕਿਆਰੀਆਂ ਆਦਿ ਬਣਾਉਣ ਲਈ ਕਾਫ਼ੀ ਮਿਹਨਤ ਕੀਤੀ। ਹੌਲੀ-ਹੌਲੀ ਫਿਰ ਲਾ-ਪ੍ਰਵਾਹ ਹੁੰਦਾ ਗਿਆ। ਦਫ਼ਤਰ ਨੂੰ ਜਿੰਦਰਾ ਮਾਰ ਕੇ ਰਾਤ ਨੂੰ ਪਿੰਡ ਦੌੜ ਜਾਂਦਾ। ਸਵੇਰੇ ਆ ਕੇ ਜਿੰਦਰਾ ਖੋਲ੍ਹ ਦਿੰਦਾ। ਚੌਂਕੀਦਾਰਾ ਕਰਨ ਦੀ ਥਾਂ ਆਰਾਮ ਨਾਲ ਘਰ ਸੌਂਦਾ। ਸਵੇਰੇ ਸਟਾਫ਼ ਨਾਲ ਅਜਿਹੀਆਂ ਗੱਲਾਂ ਕਰਦੇ ਜਿਵੇਂ ਭੁਲੇਖਾ ਪਾ ਰਿਹਾ ਹੋਵੇ ਕਿ ਰਾਤ ਨੂੰ ਦਫ਼ਤਰ ਹੀ ਸੁੱਤਾ ਸੀ। ਉਹਦਾ ਝੂਠ ਅਕਸਰ ਫੜਿਆ ਜਾਂਦਾ। ਇਕ ਦਿਨ ਕਹਿਣ ਲੱਗਾ, "ਬਾਊ ਜੀ, ਜ਼ਿੰਦਗੀ 'ਚ ਪਹਿਲੀ ਵਾਰ ਝੂਠ ਬੋਲਿਆ ਸੀ ਉਹ ਵੀ ਤੁਸੀਂ ਫੜ ਲਿਆ।"

ਅਮਰ ਚੰਦ ਦੇ ਆਉਣ ਤੱਕ ਲਾਟਰੀ ਦੇ ਟਿਕਟ ਹੀ ਚਰਚਾ ਦਾ ਵਿਸ਼ਾ ਬਣੇ ਰਹੇ। ਸ਼ਾਮ ਨੂੰ ਅਮਰ ਚੰਦ ਆਇਆ। ਤਰਸੇਮ ਲਾਲ ਨੇ ਟਿਕਟ ਦਿਖਾਏ। ਪਹਿਲਾਂ ਤਾਂ ਉਹ ਮੁਸਕਰਾਇਆ, "ਦਿਖਾਓ ਜੀ" ਪਰ ਫਿਰ ਸਭ ਦਾ ਮੂਡ ਦੇਖ ਕੇਇਕ ਦਮ ਗੱਲ ਬਦਲਦਿਆਂ ਬੋਲਿਆ, "ਇਹ ਰੱਖੇ ਕੀਹਨੇ ਨੇ ?"

"ਤੈਥੋਂ ਬਿਨਾਂ ਹੋਰ ਰੱਖ ਕੌਣ ਸਕਦੈ।" ਤਰਸੇਮ ਲਾਲ ਨੇ ਕਿਹਾ ਤਾਂ ਉਹ ਥੋੜ੍ਹਾ ਤਲਖ ਹੁੰਦਿਆਂ ਬੋਲਿਆ, "ਸਾਲ ਹੋ ਗਿਆ ਮੈਂ ਤਾਂ ਲਾਟਰੀ ਨੀਂ ਪਾਈ ਕਦੇ। ਇਹ ਸਭ ਮੈਨੂੰ ਬਦਨਾਮ ਕਰਨ ਦੀ ਚਾਲ ਹੈ। ਪਹਿਲਾਂ ਤੇਲ ਵਾਲੀ ਕੁੱਪੀ ਖੋਈ, ਮੇਰਾ ਨਾਂ ਲੱਗਿਆ। ਮੇਰੇ ਕੋਲ ਕੋਈ ਸਕੂਟਰ ਮੋਟਰ ਸਾਈਕਲ ਤਾਂ ਹੈ ਨਹੀਂ ਬਈ ਮੈਂ ਤੇਲ ਦੇਣੈਂ। ਮੇਰੇ ਕੋਲ ਤਾਂ ਸਾਈਕਲ ਐ। ਫੇਰ ਖੁਰਪਾ ਗੁਆਚਿਆ, ਫਿਰ ਤਵਾ ਖੋਇਆ ਮੇਰੇ ਹੀ ਨਾਂ ਲੱਗਿਆ। ਅਸੀਂ ਕੀ ਕਰਨਾ ਸੀ ਤਵਾ। ਕਿਲੋ ਲੋਹਾ ਨੀਂ ਹੋਣਾ। ਕਿੰਨੇ ਕੁ ਦਾ ਵਿਕ ਜਾਂਦਾ। ਜਿਹੜੀ ਵੀ ਗੱਲ ਹੋਵੇ ਮੇਰਾ ਨਾਂ ਲਗਦੈ। ਹੁਣ ਆਹ ਟਿਕਟਾਂ ਵਾਲੀ ਗੱਲ ਕੱਢ ਲਈ। ਮੈਂ ਭੁੱਲਿਆ ਹੋਇਆ ਬਈ ਲਾਟਰੀਆਂ ਤਾਂ ਘਰ ਬਰਬਾਦ ਕਰ ਦਿੰਦੀਆਂ ਨੇ। ਇਹ ਤਾਂ ਜੂਆ ਐ ਨਿਰਾ। ਮੈਂ ਤਾਂ ਸਾਲ ਹੋ ਗਿਆ ਲਾਟਰੀ ਨਹੀਂ ਪਾਈ।"

"ਤੇਰੇ ਕੋਲ ਕੋਈ ਆਇਆ ਨਾ ਹੋਵੇ, ਉਹ ਹੀ ਭੁੱਲ ਗਿਆ ਹੋਵੇ।" ਜੁਗਿੰਦਰ ਸਿੰਘ ਨੇ ਕਿਹਾ ਤਾਂ ਉਹ ਹੋਰ ਵੀ ਭੜਕ ਪਿਆ, "ਬਾਊ ਜੀ ਤੁਸੀਂ ਵੀ ਉਧਰਲੇ ਦਫ਼ਤਰ ਦੇ ਲੇਖਾਕਾਰ ਵਾਂਗੂੰ ਹੀ ਗੱਲਾਂ ਕਰਨ ਲੱਗ ਪਏ। ਤੁਸੀਂ ਮੇਰੇ 'ਤੇ ਦਬਾਅ ਪਾਉਣਾ ਚਾਹੁੰਨੇ ਓ। ਮੈਂ ਸਵੇਰੇ ਸਾਹਿਬ ਨਾਲ ਗੱਲ ਕਰ ਕੇ ਹੀ ਜਾਊਂਗਾ। ਮੈਨੂੰ ਬਦਨਾਮ ਕਰਨ ਲਈ ਹੀ ਤੁਸੀਂ ਇਹ ਟਿਕਟਾਂ ਦਰਾਜ਼ 'ਚ ਰੱਖੀਆਂ ਨੇ।"

"ਅਮਰ ਚੰਦ ਇਨ੍ਹਾਂ ਟਿਕਟਾਂ ਨਾਲ ਤੂੰ ਬਦਨਾਮ ਕਿਵੇਂ ਹੋ ਜਾਏਂਗਾ ਭਲਾ। ਸਰਕਾਰੀ ਲਾਟਰੀ ਦੀਆਂ ਟਿਕਟਾਂ ਨੇ। ਕੋਈ ਵੀ ਖਰੀਦ ਸਕਦੈ। ਕਿਤੇ ਵੀ ਰੱਖ ਸਕਦੈ। ਇਹ ਕੋਈ

ਗੈਰ-ਕਾਨੂੰਨੀ ਗੱਲ ਤਾਂ ਹੈ ਨਹੀਂ। ਸਰਕਾਰ ਤਾਂ ਇਸ਼ਤਿਹਾਰ ਦੇ ਕੇ ਇਨ੍ਹਾਂ ਦੀ ਵਿਕਰੀ ਵਧਾਉਂਦੀ ਹੈ। ਕਰੋੜਾਂ ਦਾ ਵਪਾਰ ਹੁੰਦੈ ਨਿੱਤ ਇਨ੍ਹਾਂ ਨਾਲ। ਤੇਰੀ ਬਦਨਾਮੀ ਭਲਾ ਕਿਵੇਂ ਹੋ ਜੂ।" ਜੁਗਿੰਦਰ ਸਿੰਘ ਬੋਲਿਆ।

"ਤੁਹਾਨੂੰ ਕੀ ਪਤਾ ਜੀ। ਕਿਸੇ ਨੇ ਗਲੀ ਆਲਾ ਪੈਸਾ ਉਧਾਰ ਨੀ ਦੇਣਾ। ਪਤਾ ਨਹੀਂ ਕਿਉਂ ਸਾਰੇ ਹੀ ਮੈਨੂੰ ਬਦਨਾਮ ਕਰਨ 'ਤੇ ਲੱਗੇ ਹੋਏ ਨੇ।" ਉਸ ਆਖਿਆ।

"ਜੇ ਇਹਦੀ ਜਨਾਨੀ ਨੂੰ ਪਤਾ ਲੱਗ ਗਿਆ ਤਾਂ ਉਹ ਅੱਡ ਚੜ੍ਹਾਈ ਕਰੂ।" ਫੌਜੀ ਨੇ ਮੋਰਚਾ ਮੱਲਦਿਆਂ ਕਿਹਾ।

"ਉਹ ਤਾਂ ਮੈਨੂੰ ਘਰੋਂ ਕੱਢਣ ਤਕ ਜਾਊ। ਅੱਗੇ ਹੀ ਇਤਬਾਰ ਨਹੀਂ ਕਰਦੀ ਕਿਸੇ ਗੱਲ ਦਾ। ਮੈਂ ਤਾਂ ਸਵੇਰੇ ਸਾਹਿਬ ਨੂੰ ਮਿਲ ਕੇ ਹੀ ਜਾਊਂ। ਪਤਾ ਤਾਂ ਲੱਗੇ ਇਹ ਸ਼ਰਾਰਤ ਹੈ ਕੀਹਦੀ।"

ਇਹ ਮੁਲਾਜ਼ਮ ਜਿਹੜੇ ਪੰਜ ਵਜੇ ਤੋਂ ਪਹਿਲਾਂ ਹੀ ਦਫ਼ਤਰ ਖਾਲੀ ਕਰ ਦਿੰਦੇ ਸਨ, ਛੁੱਟੀ ਦੇ ਸਮੇਂ ਤੋਂ ਮਗਰੋਂ ਵੀ ਇਸੇ 'ਸਮੱਸਿਆ' ਵਿਚ ਉਲਝੇ ਰਹੇ। ਦਫ਼ਤਰੋਂ ਬਾਹਰ ਆ ਚਾਹ ਵਾਲੇ ਬਲਕਾਰੇ ਤੋਂ ਸਪੱਸ਼ਟੀਕਰਨ ਲੈਂਦੇ ਰਹੇ। ਫਿਰ ਤਰਸੇਮ ਲਾਲ ਨੇ ਸਿਗਰਟ ਲੈਂਦਿਆਂ ਖੋਖੇ ਵਾਲੇ ਭਈਏ ਤੋਂ ਪੁੱਛਿਆ, "ਯਾਰ ਤੂੰ ਦੱਸ, ਇਹ ਕੀਹਦਾ ਕੰਮ ਹੋ ਸਕਦੈ ?" ਉਹ ਇਕ ਦਮ ਬੋਲਿਆ, "ਸਾਹਿਬ ਏਕ ਹੀ ਤੋ ਹੈ ਆਪ ਕੇ ਪਾਸ, ਵੁਹ ਹੀ ਅਮਰੂ।" ਸਾਰੇ ਠਹਾਕੇ ਮਾਰਦੇ ਹੋਏ ਘਰਾਂ ਨੂੰ ਤੁਰ ਗਏ।

ਅਗਲੀ ਸਵੇਰ ਫਿਰ ਇਹ ਹੀ ਚਰਚਾ ਚੱਲੀ। ਫੌਜੀ ਨੇ ਕਿਹਾ, "ਅਮਰ ਚੰਦ ਅੱਜ ਜਾਣਾ ਨੀਂ ?" ਉਹ ਬੋਲਿਆ, "ਯਾਰ ਤੈਨੂੰ ਕਿਹਾ ਤਾਂ ਹੈ ਬਈ ਸਾਹਿਬ ਨੂੰ ਮਿਲ ਕੇ ਜਾਣੈ।"

ਹੁਣ ਸਾਰੇ ਹੀ ਡਰ ਰਹੇ ਸਨ। ਗੱਲ ਕਾਫ਼ੀ ਵੱਧ ਚੁੱਕੀ ਸੀ। ਹੁਣ ਇਸ ਉਤੇ ਮਿੱਟੀ ਪਾਉਣਾ ਚਾਹੁੰਦੇ ਸਨ। "ਜਾਹ ਅਮਰ ਚੰਦਾ ਤੂੰ ਜਾਹ ਹੁਣ" ਜੁਗਿੰਦਰ ਸਿੰਘ ਨੇ ਕਿਹਾ ਤਾਂ ਉਹ ਗੁੱਸੇ ਵਿੱਚ ਭੜਕ ਉਠਿਆ। "ਮੈਂ ਸਾਰਿਆਂ ਦਾ ਪਾਜ ਖੋਲ੍ਹ ਕੇ ਹੀ ਜਾਊਂਗਾ ਹੁਣ। ਐਂ ਕਿਵੇਂ ਚਲਿਆ ਜਾਵਾਂ। ਮੈਨੂੰ ਤਾਂ ਘੜੀ 'ਚ ਬਦਨਾਮ ਕਰ ਕੇ ਰੱਖ ਦਿੱਤਾ। ਹੁਣ ਫੈਸਲਾ ਕਰ ਕੇ ਹੀ ਜਾਊਂਗਾ। ਮਾਹੌਲ ਵਿੱਚ ਚੁੱਪ ਵਰਤ ਗਈ। ਅੰਦਰੋਂ ਅੰਦਰੀ ਸਾਰੇ ਪਛਤਾ ਵੀ ਰਹੇ ਸਨ, ਕਾਹਨੂੰ ਇਹਨੂੰ ਛੇੜ ਕੇ ਬੇਇੱਜ਼ਤੀ ਕਰਵਾਉਣੀ ਸੀ।

ਉਹ ਸਾਹਿਬ ਨੂੰ ਉਡੀਕ ਰਿਹਾ ਸੀ। ਸਾਹਿਬ ਲੇਟ ਹੋ ਗਏ ਸਨ। ਅਚਾਨਕ ਇਕ ਤੀਵੀਂ ਦਫ਼ਤਰ ਅੰਦਰ ਆਉਂਦੀ ਦਿਖਾਈ ਦਿੱਤੀ। "ਲੈ ਬਈ ਅਮਰ ਚੰਦਾ ਸੀਤੋ ਆ ਗਈ ਤੇਰੀ।" ਜੁਗਿੰਦਰ ਸਿੰਘ ਬੋਲਿਆ। ਅਮਰ ਚੰਦ ਨੇ ਦੇਖਿਆ, ਉਹ ਭੌਂਚੱਕਾ ਰਹਿ ਗਿਆ। ਹੇਠਲਾ ਸਾਹ ਹੇਠਾਂ, ਉਪਰਲਾ ਉਪਰ। ਉਸ ਨੇ ਹੱਥ ਵਿਚ ਫੜੇ ਟਿਕਟ ਮਲਕੜੇ ਜਿਹੇ ਜੇਬ 'ਚ ਪਾ ਲਏ ਅਤੇ ਉਠ ਕੇ ਉਸ ਨੂੰ ਅੱਗੋਂ ਜਾ ਮਿਲਿਆ। ਉਸ ਨੂੰ ਦਫ਼ਤਰ ਦੇ ਇਕ ਕੋਨੇ ਵਿੱਚ, ਅਫਸਰ ਦੇ ਕੈਬਿਨ ਦੇ ਓਹਲੇ ਲੈ ਗਿਆ। ਕਾਫੀ ਦੇਰ ਘੁਸਰ-ਮੁਸਰ



ਹੁੰਦੀ ਰਹੀ। ਫਿਰ ਉਚੀ ਬੋਲਣ ਅਤੇ ਤੀਵੀਂ ਦੇ ਰੋਣ ਦੀ ਆਵਾਜ਼ ਆਉਣ ਲੱਗੀ। ਤਰਸੇਮ ਲਾਲ ਉਠ ਕੇ ਗਿਆ, ਫਿਰ ਆਵਾਜ਼ ਮਾਰੀ, "ਬਾਊ ਜੀ ਆਇਓ ਜ਼ਰਾ ਪਲੀਜ਼।"

ਉਸ ਦੀ ਵਹੁਟੀ ਸਟੂਲ ਉਤੇ ਬੈਠੀ ਸੀ, ਅਮਰ ਚੰਦ ਖੜ੍ਹਾ ਸੀ। "ਕੀ ਗੱਲ ਹੋ ਗਈ ਬੀਬੀ ?" ਉਨ੍ਹਾਂ ਪੁੱਛਿਆ। ਉਹ ਰੋਂਦੀ ਹੋਈ ਬੋਲੀ, "ਇਹਨੂੰ ਪੁੱਛੋ ਜੀ, ਚਾਰ ਦਿਨ ਦਾ ਘਰ ਨੀਂ ਗਿਆ।" ਸਾਰੇ ਹੈਰਾਨ ਸਨ। "ਬੀਬੀ ਇਹ ਤਾਂ ਦਫ਼ਤਰ 'ਚ ਹਾਜ਼ਰ ਰਹਿੰਦਾ ਹੀ ਨਹੀਂ। ਜਿੰਦਰਾ ਮਾਰ ਕੇ ਭੱਜਣ ਦੀ ਕਰਦੈ, ਤੂੰ ਕਹਿਨੀ ਐਂ ਘਰ ਨੀਂ ਜਾਂਦਾ। ਤੂੰ ਰਹਿੰਦੇ ਕਿੱਥੇ ਐਂ ਬਈ।" ਜੁਗਿੰਦਰ ਸਿੰਘ ਪਹਿਲਾਂ ਉਸ ਦੀ ਪਤਨੀ ਅਤੇ ਫਿਰ ਉਸ ਨੂੰ ਸੰਬੋਧਨ ਹੋਇਆ।

"ਇਹ ਤਾਂ ਜੀ ਐਤਵਾਰ ਨੂੰ ਵੀ ਘਰ ਨੀਂ ਰਹਿੰਦਾ। ਕਹਿੰਦੈ ਦਫ਼ਤਰ 'ਚ ਕੰਮ ਬਹੁਤ ਐ।"

"ਕੰਮ ਤਾਂ ਭਾਈ ਏਥੇ ਵਰਕਿੰਗ ਡੇ ਨੂੰ ਨੀਂ ਹੁੰਦਾ। ਐਤਵਾਰ ਨੂੰ ਕੀ ਹੋਣੈ।"

"ਇਸ ਮਹੀਨੇ ਤਨਖਾਹ ਦਾ ਇਕ ਪੈਸਾ ਨੀਂ ਦਿੱਤਾ ਘਰ। ਪੁੱਛੋ ਇਹਨੂੰ। ਮੈਂ ਤਾਂ ਹਾਰ ਕੇ ਦਫ਼ਤਰ ਆਈ ਆਂ। ਨਿਆਣੇ ਇਹਦੀ ਜਾਨ ਨੂੰ ਅੱਡ ਰੋਂਦੇ ਨੇ। ਨਾ ਚੱਜ ਦਾ ਖਾਣ ਨੂੰ ਨਾ ਹੰਢਾਉਣ ਨੂੰ। ਮੈਂ ਤਾਂ ਦਿਹਾੜੀਆਂ ਕਰਦੀ ਫਿਰਦੀ ਆਂ। ਇਹ ਉਨ੍ਹਾਂ 'ਚੋਂ ਵੀ ਲੈ ਆਉਂਦੈ। ਇਹਦੀ ਭਰਜਾਈ ਨੂੰ ਦੁਬੱਈ ਤੋਂ ਇਹਦੇ ਭਰਾ ਦੇ ਪੈਸੇ ਆਏ ਸੀ। ਉਹਦੀਆਂ ਮਿੰਨਤਾਂ ਕਰ ਕੇ ਦੋ ਹਜ਼ਾਰ ਮੰਗ ਲਿਆਇਐ। ਮੈਨੂੰ ਤਾਂ ਮਗਰੋਂ ਪਤਾ ਲੱਗਿਐ। ਹੁਣ ਉਹ ਨਿੱਤ ਮੇਰੇ ਨਿਆਣੇ ਪੁਣਦੀ ਐ। ਚਾਰ ਦਿਨ ਹੋ ਗਏ ਪਿੰਡ ਗਿਆ ਸੀ। ਮੈਂ ਤਾਂ ਆਲੂ ਪੁੱਟਣ ਗਈ ਹੋਈ ਸੀ। ਉਥੇ ਹੀ ਪਹੁੰਚ ਗਿਆ। ਖਹਿੜੇ ਹੀ ਪੈ ਗਿਆ ਅਖੇ ਤਰਸੇਮ ਬਾਬੂ ਦੀ ਕੁੜੀ ਦਾ ਵਿਆਹ ਹੈ, ਉਹਨੇ ਹਜ਼ਾਰ ਰੁਪਿਆ ਉਧਾਰ ਮੰਗਿਆ। ਮੈਨੂੰ ਖੇਤਾਂ 'ਚੋਂ ਜਬਰੀ ਘਰ ਲਿਆਇਆ। ਜਿਹੜਾ ਚਾਰ ਸੌ ਰੁਪਿਆ ਸੀ ਮੇਰੇ ਕੋਲ ਉਹ ਚੁੱਕ ਲਿਆਇਆ। ਮੈਂ ਤਾਂ ਛੇ ਮਹੀਨਿਆਂ 'ਚ ਜੋੜੇ ਸੀ, ਘੜੀ 'ਚ ਰੋੜ ਦਿੱਤੇ। ਤਰਸੇਮ ਬਾਬੂ ਕੌਣ ਐ ਜੀ ?"

"ਮੈਂ ਆਂ।" ਤਰਸੇਮ ਲਾਲ ਦੀਆਂ ਅੱਖਾਂ ਵਿਚੋਂ ਸੇਕ ਨਿਕਲ ਰਿਹਾ ਸੀ। ਜਾਪਦਾ ਸੀ ਉਹ, ਉਸ ਨੂੰ ਹੱਥੀਂ ਪਵੇਗਾ ਪਰ ਪਤਾ ਨਹੀਂ ਕਿਵੇਂ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਉਸ ਇੰਨਾ ਹੀ ਕਿਹਾ, "ਓਏ ਤੂੰ ਕੋਈ ਪਾਸਾ ਤਾਂ ਛੱਡ ਦੇਹ। ਪਰਸੋਂ ਤਾਂ ਮੇਰੇ ਘਰੋਂ ਢਾਈ ਸੌ ਮੰਗਣ ਗਿਆ ਸੀ। ਕਹਿੰਦਾ ਸੀ ਪੇਟ 'ਚ ਦਰਦ ਹੈ,

ਡਾਕਟਰ ਨੇ ਐਕਸਰੇ ਕਰਵਾਉਣ ਨੂੰ ਕਿਹੈ। ਬਾਬੂ ਜੀ ਇਹਦੀ ਬਦਲੀ ਕਰਵਾਓ ਏਥੋਂ। ਏਹ ਤਾਂ ਸਭ ਨੂੰ ਖਰਾਬ ਕਰੂਗਾ।"

"ਏਹਨੂੰ ਪੁੱਛੋ ਇਹਨੇ ਕੀ ਬਣਾਇਐ ਘਰ ਦਾ। ਜੇ ਇਹ ਚੱਜ ਦਾ ਹੋਵੇ ਤਾਂ ਮੈਂ ਦਿਹਾੜੀਆਂ ਕਾਹਨੂੰ ਕਰਦੀ ਫਿਰਾਂ। ਊਂ ਮਾਂ ਪੁੱਤ ਮੇਰੇ 'ਤੇ ਸ਼ੱਕ ਬਥੇਰੀ ਕਰੀ ਜਾਣਗੇ।" ਜਦੋਂ ਸੀਤੋ ਗੁੱਸੇ 'ਚ ਬੋਲਦੀ ਹੀ ਗਈ ਤਾਂ ਭਿੱਜੀ ਬਿੱਲੀ ਬਣਿਆ ਅਮਰ ਚੰਦ ਬੋਲਿਆ, "ਹੁਣ ਜੁੱਤੀ ਲਾਹ ਕੇ ਮੇਰੇ ਸਿਰ 'ਚ ਮਾਰ। ਹੋਰ ਤਾਂ ਕੋਈ ਕਸਰ ਨੀਂ ਛੱਡੀ। ਹੁਣ ਮੈਂ

ਦਫ਼ਤਰ 'ਚ ਰਹੂੰਗਾ ਕਿਵੇਂ। ਮੇਰੀ ਰਹਿ ਹੀ ਕੀ ਗਈ। ਮੈਂ ਤਾਂ ਤੇਰੀ ਆਉਂਦੀ ਦੀ ਮਿੰਨਤੀ ਕੀਤੀ ਸੀ ਬਈ ਮੈਥੋਂ ਗਲਤੀ ਹੋ ਗਈ। ਤੂੰ ਬੋਲੀ ਨਾ ਹੁਣ, ਪਰ ਤੂੰ ਤਾਂ ਮੇਰੀ ਖੇਹ ਕਰ ਕੇ ਰੱਖ ਦਿੱਤੀ। ਇਹ ਤਾਂ ਪਹਿਲਾਂ ਈ ਮੇਰੇ 'ਤੇ ਬਥੇਰਾ ਦਬਾਅ ਪਾਈ ਜਾਂਦੇ ਨੇ।"

"ਮੇਰੀ ਜਾਨ ਨੂੰ ਵਖਤ ਪਾਇਆ ਪਿਐ ਇਹਨੇ। ਕੰਡਿਆਂ 'ਚ ਘੜੀਸਦੈ, ਕੋਲਿਆਂ 'ਤੇ ਸਾੜਦੈ। ਪੈਸੇ ਦੀ ਚੀਜ਼ ਨਾ ਲਿਜਾਂਦਾ ਘਰ ਨੂੰ।"

"ਹੁਣ ਤੂੰ ਜਾਹ ਬੀ। ਮੈਂ ਹੱਥ ਜੋੜਦਾਂ। ਜਾਹ ਹੁਣ, ਤੂੰ ਹੀ ਆ ਕੇ ਤਨਖਾਹ ਲੈ ਜਾਇਆ ਕਰੀਂ।"

"ਏਥੋਂ ਦੇ ਕੇ ਰਾਹ 'ਚ ਖੋਹ ਲਵੇਂਗਾ। ਤੇਰਾ ਕੋਈ 'ਤਬਾਰ ਐ। ਤੂੰ ਤਾਂ ਤੱਤੇ ਤਵੇ 'ਤੇ ਬਹਿਜੇਂ ਤਾਂ ਨਾ 'ਤਬਾਰ ਕਰਾਂ ਤੇਰਾ।"

"ਬੀਬੀ, ਜੇ ਤੂੰ ਏਨੀਓ ਔਖੀ ਐ ਤਾਂ ਇਹਦੀ ਤਨਖਾਹ ਤੈਨੂੰ ਹੀ ਦਿਆ ਕਰਾਂਗੇ, ਦਸਤਖਤ ਇਹਦੇ ਕਰਾਵਾਂਗੇ। ਫੇਰ ਖੋਹ ਕੇ ਵੀ ਦਿਖਾਵੇ ਤੈਥੋਂ, ਦੇਖਾਂਗੇ ਇਹਨੂੰ। ਇਹ ਤਾਂ ਤੀਰ ਵਰਗਾ ਹੋ ਜਾਊ।" ਜੁਗਿੰਦਰ ਸਿੰਘ ਕਹਿ ਹੀ ਰਿਹਾ ਸੀ ਕਿ ਦਫ਼ਤਰ ਦਾ ਅਫ਼ਸਰ ਕਮਰੇ 'ਚ ਆ ਗਿਐ।

"ਕੀ ਮੱਛੀ ਮਾਰਕੀਟ ਬਣਾਈ ਐ ਬਈ। ਤੁਹਾਨੂੰ ਕੰਮ ਹੀ ਕੋਈ ਨਹੀਂ। ਇੱਟ ਇੱਜ਼ ਨਾਟ ਡੀਜ਼ਾਏਰੇਬਲ, ਇਟ ਇਜ਼ ਨਾਟ ਡੀਜ਼ਾਏਰੇਬਲ।" ਕਹਿੰਦਿਆਂ ਉਹ ਆਪਣੇ ਕਮਰੇ 'ਚ ਵੜ ਗਿਆ।

"ਇਹ ਅਮਰ ਚੰਦ ਦੀ ਸ੍ਰੀਮਤੀ ਹੈ ਜੀ।" ਤਰਸੇਮ ਲਾਲ ਨੇ ਸੰਖੇਪ 'ਚ ਸਾਰੀ ਗੱਲ ਸੁਣਾਈ।" ਇਹ ਤਾਂ ਤੁਹਾਨੂੰ ਮਿਲਣ ਲਈ ਹੀ ਬੈਠਾ ਸੀ, ਸਾਡੀ ਸ਼ਿਕਾਇਤ ਲਗਾਉਣ ਵਾਸਤੇ, ਐਵੇਂ ਆਪਣੇ ਹੀ ਜਾਲ 'ਚ ਹੀ ਫਸ ਗਿਆ।"

"ਕਿਉਂ ਬਈ ਰੋਜ਼ ਤੇਰੀਆਂ ਹੀ ਸ਼ਿਕਾਇਤਾਂ ਕਿਉਂ ਆਉਂਦੀਆਂ ਨੇ। ਰੋਜ਼ਾਨਾ ਕੋਈ ਨਾ ਕੋਈ ਜ਼ਰੂਰ ਆਉਂਦੈ ਤੈਥੋਂ ਮੰਗਣ ਵਾਲਾ। ਏਨਾ ਉਧਾਰ ਲੈ ਕੇ ਤੂੰ ਕਰਦਾ ਕੀ ਐ ?" ਅਫ਼ਸਰ ਨੇ ਅਮਰ ਚੰਦ ਨੂੰ ਘੂਰਿਆ। ਉਹ ਚੁੱਪ ਕੀਤਾ ਰਿਹਾ।" ਤੂੰ ਬੋਲਦਾ ਕਿਉਂ ਨੀਂ ਹੁਣ ਕੀ ਕਰਦੈਂ ਏਨੇ ਪੈਸੇ। ਉਧਾਰ-ਸੁਧਾਰ ਤਾਂ ਸਾਰੇ ਹੀਲ ਲੈਂਦੇ ਨੇ ਪਰ ਤੇਰੇ ਵਾਂਗੂੰ ਤਾਂ ਨਹੀਂ। ਹੋਰ ਵੀ ਬੰਦੇ ਨੇ ਦਫ਼ਤਰ 'ਚ ਉਨ੍ਹਾਂ ਤੋਂ ਤਾਂ ਕੋਈ ਲੈਣ ਵਾਲਾ ਆਉਂਦਾ 'ਨੀਂ। ਇਟ ਇਜ਼ ਨਾ ਡੀਜ਼ਾਏਰੇਬਲ। ਅਮਰ ਚੰਦ ਇਟ ਇਜ਼ ਨਾਟ ਡੀਜ਼ਾਏਰੇਬਲ।"

"ਬੱਸ ਜੀ ਖਰਾਬ ਕਰ ਹੋ ਗਏ। ਬੱਸ ਸਮਝੋ ਲਾਟਰੀਆਂ 'ਚ ਹੀ ਖਰਾਬ ਹੋ ਗਏ।" ਉਹ ਇੰਜ ਬੋਲਿਆ ਜਿਵੇਂ ਅਜੇ ਵੀ ਕੁਝ ਲੁਕਾ ਰਿਹਾ ਹੋਵੇ।

"ਸਾਹਿਬ ਜੀ, ਉਹ ਜੂਆ ਵੀ ਖੇਡਦੈ ਦਾਰੂ ਵੀ ਪੀਂਦੈ। ਇਹਨੂੰ ਪੁੱਛੋ ਇਹਦੀ ਘੜੀ ਕਿੱਥੇ ਐ, ਜੁੱਤੀ ਕਿੱਥੇ ਐ ਇਹਦੀ। ਹੁਣ ਟੁੱਟੀਆਂ ਚੱਪਲਾਂ ਪਾਈ ਫਿਰਦੈ। ਮੈਂ ਤਾਂ ਸਤੀ ਪਈ ਆਂ ਇਹਦੇ ਤੋਂ। ਮਾਪੇ ਇਹਦੇ ਬੋਲ ਕੇ ਊ ਨੀਂ ਰਾਜ਼ੀ।" ਉਸ ਨੂੰ ਬੋਲਣ ਤੋਂ ਰੋਕਦਿਆਂ ਅਮਰ ਚੰਦ ਨੇ ਕਿਹਾ, "ਇਹਨੂੰ ਕਹੋ ਜੀ, ਮੇਰੀ ਤਨਖਾਹ ਲੈ ਜਾਇਆ ਕਰੇ ਆ ਕੇ। ਮੈਂ



ਹੱਥ ਨੀ ਲਾਉਂਦਾ ਪੈਸੇ ਨੂੰ।"

"ਗੈਟ ਆਊਟ। ਨਾਲਾ ਇਕ ਕਿਸੇ ਥਾਂ ਦਾ।" ਅਮਰ ਚੰਦ ਦੇ ਕੈਬਿਨ 'ਚੋਂ ਬਾਹਰ ਨਿਕਲਣ 'ਤੇ ਅਫ਼ਸਰ ਸੀਤੋ ਨੂੰ ਸੰਬੋਧਨ ਹੋਇਆ, "ਚਲੋ ਛੱਡ ਬੀਬੀ। ਇਹੋ ਜਿਹੀਆਂ ਗੱਲਾਂ ਘਰ 'ਚ ਹੀ ਨਿਬੇੜ ਲਈ ਦੀਆਂ ਨੇ। ਕਾਹਨੂੰ ਐਵੇਂ ਨਿੱਕੀ ਜਿਹੀ ਗੱਲ ਦਾ ਵਧਾਂਗ ਵਧਾਇਐ।

"ਸਾਹਿਬ ਜੀ! ਇਹ ਨਿੱਕੀ ਜਿਹੀ ਗੱਲ ਐ। ਅਜੇ ਇਹ ਨਿੱਕੀ ਜਿਹੀ ਓ ਗੱਲ ਐ....?" ਸੀਤੋ ਦੇ ਬੋਲ ਸਵਾਲ ਬਣ ਕੇ ਮਾਹੌਲ ਵਿੱਚ ਗੂੰਜਣ ਲੱਗ ਪਏ।

**ਪਿੰਡ ਤੇ ਡਾਕ ਰਾਮਪੁਰ**
**ਜ਼ਿਲ੍ਹਾ ਲੁਧਿਆਣਾ**
**ਮੋਬਾਇਲ** 99156-34722

◆◆◆

*ਮਿੰਨੀ ਕਹਾਣੀਆਂ*

# ਰੋਟੀ

**ਸੁਖਚੈਨ ਸਿੰਘ ਭੰਡਾਰੀ**

ਮਾਸਟਰ ਦੀਨਾ ਨਾਥ ਜਦੋਂ ਤੱਕ ਨੌਕਰੀ 'ਤੇ ਰਹੇ, ਉਹ ਹਰ ਰੋਜ਼ ਸੈਰ ਨੂੰ ਜਾਂਦਿਆਂ ਹੋਇਆਂ ਆਪਣੇ ਹੱਥ ਵਿੱਚ ਇਕ ਰੋਟੀਆਂ ਦਾ ਭਰਿਆ ਹੋਇਆ ਥੈਲਾ ਲੈ ਕੇ ਘਰੋਂ ਨਿਕਲਦੇ। ਚੱਲਦਿਆਂ ਹੋਇਆਂ ਰਾਹ ਵਿੱਚ ਕੁੱਤਿਆਂ ਤੇ ਗਊਆਂ ਨੂੰ ਉਹ ਰੋਟੀਆਂ ਪਾਉਂਦੇ ਤੁਰੀ ਜਾਂਦੇ। ਇਸ ਦੌਰਾਨ ਮੈਂ ਵੀ ਉਹਨਾਂ ਦੇ ਨਾਲ ਹੁੰਦਾ। ਬੀਤੇ ਵੀਹ ਸਾਲਾਂ ਤੋਂ ਮੈਂ ਇਹ ਸਭ ਦੇਖਦਾ ਆ ਰਿਹਾ ਸੀ।

ਹੁਣ ਮਾਸਟਰ ਦੀਨਾ ਨਾਥ ਨੌਕਰੀ ਤੋਂ ਰਿਟਾਇਰ ਹੋ ਗਏ ਸਨ, ਪਰ ਸਾਡੀ ਸੈਰ ਪਹਿਲਾਂ ਵਾਂਗ ਹੀ ਚੱਲਦੀ ਰਹੀ। ਉਹ ਰੋਟੀ ਬਰਾਬਰ ਜਾਨਵਰਾਂ ਨੂੰ ਪਾਉਂਦੇ ਰਹੇ। ਅਚਾਨਕ ਇਕ ਦਿਨ ਮੈਂ ਦੇਖਿਆ ਕਿ ਉਹਨਾਂ ਦੇ ਹੱਥ ਵਿੱਚ ਰੋਟੀਆਂ ਦਾ ਭਰਿਆ ਉਹ ਥੈਲਾ ਨਹੀਂ ਸੀ। ਅਗਲੇ ਦਿਨ ਵੀ ਅਜਿਹਾ ਹੀ ਕੁਝ ਹੋਇਆ। ਮੈਂ ਚੱਲਦੇ-ਚੱਲਦੇ ਉਨ੍ਹਾਂ ਕੋਲੋਂ ਪੁੱਛ ਲਿਆ, "ਕਿਉਂ ਦੀਨਾਨਾਥ ਜੀ, ਹੁਣ ਤੁਸੀਂ ਕੁੱਤਿਆਂ ਤੇ ਗਊਆਂ ਨੂੰ ਰੋਟੀ ਨਹੀਂ ਪੈਂਦੇ ?"

ਇਸ ਤੇ ਦੀਨਾ ਨਾਥ ਜੀ ਨੇ ਅੱਖਾਂ ਭਰ ਕੇ ਕਿਹਾ, "ਹੁਣ ਮੇਰੇ ਮੁੰਡੇ ਤੇ ਨੂੰਹਾਂ ਮੈਨੂੰ ਰੋਟੀ ਪਾਂਦੇ ਹਨ।"

**ਆਰੀਆ ਸਮਾਜ ਰੋਡ,**
**ਸਿਰਸਾ (ਹਰਿਆਣਾ)** 125055
**ਸੰਪਰਕ** 946660-92336

◆◆◆

# ਸੁਰਖਰੂ

**ਡਾ. ਕਰਮਜੀਤ ਸਿੰਘ ਨਡਾਲਾ**

ਉਹ ਇਕ ਵਧੀਆ ਅਧਿਆਪਕ ਸੀ। ਸੇਵਾ ਮੁਕਤ ਹੁੰਦਿਆਂ ਹੀ ਉਸ ਸੋਚ ਲਿਆ, ਉਹ ਵਿਹਲਾ ਨਹੀਂ ਬੈਠੇਗਾ। ਉਹ ਭਟਕੇ ਨੌਜਵਾਨਾਂ ਨੂੰ ਸੇਧ ਦੇਵੇਗਾ। ਜਿਹੜੇ ਨਸ਼ਿਆਂ ਦੇ ਹੜ੍ਹ 'ਚ ਰੁੜ੍ਹ ਰਹੇ ਹਨ। ਉਹਨਾਂ ਨੂੰ ਪਰੇਰ ਕੇ ਸਿੱਧੇ ਰਸਤੇ ਲਿਆਵੇਗਾ।

ਅਜੇ ਉਸ ਰਿਟਾਇਰ ਹੋਏ ਨੂੰ ਥੋੜ੍ਹੇ ਦਿਨ ਹੀ ਹਏ ਸਨ। ਉਸ ਦਾ ਸ਼ਹਿਰ ਕਾਲਜ ਪੜ੍ਹਦਾ ਮੁੰਡਾ ਲੜਖੜਾਉਂਦਾ ਹੋਇਆ ਘਰ ਆ ਵੜਿਆ। ਪਤਾ ਲੱਗਾ ਉਹ ਤਾਂ ਹੋਸਟਲ 'ਚ ਰਹਿੰਦਾ ਹੋਇਆ, ਸਮੈਕ ਪੀਣ ਦਾ ਪੂਰੀ ਤਰ੍ਹਾਂ ਆਦੀ ਹੋ ਚੁੱਕਾ ਸੀ। ਅਧਿਆਪਕ ਪਿਤਾ ਸੁਣਕੇ ਹੈਰਾਨ-ਪਰੇਸ਼ਾਨ ਹੋਇਆ ਤਰੇਲੀਉਂ-ਤਰੇਲੀ ਹੋ ਗਿਐ।

ਫਿਰ ਆਖ਼ਰ ਉਸ ਨੇ ਹਿੰਮਤ ਜੁਟਾਈ ਕਿ ਪੁੱਤ ਨੂੰ ਸਿੱਧੇ ਰਸਤੇ 'ਤੇ ਲਿਆਵੇਗਾ ਤੇ ਸਮਾਜ ਦੇ ਇਸ ਕੋਹੜ ਨੂੰ ਕੱਢਣ ਲਈ, ਸਭ ਤੋਂ ਪਹਿਲਾਂ ਆਪਣੇ ਘਰ ਤੋਂ ਹੀ ਸ਼ੁਰੂਆਤ ਕਰੇਗਾ। ਮੁੰਡੇ 'ਤੇ ਉਸ ਨੇ ਫਿਰ ਪੂਰੀ ਵਾਹ ਲਾਅ ਦਿੱਤੀ।

ਪਰ ਜਿਉਂ-ਜਿਉਂ ਇਲਾਜ ਹੁੰਦਾ ਰਿਹਾ, ਰੋਗ ਵਧਦਾ ਹੀ ਗਿਆ। ਗੱਲ ਬਣ ਨਹੀਂ ਸੀ ਰਹੀ ਤੇ ਉਹਨਾਂ ਦੋਹਾਂ ਪਿਉ-ਪੁੱਤਾਂ 'ਚ ਖਿਚਧਰੂ ਤੇ ਤਕਰਾਰ ਰਹਿਣ ਲੱਗ ਪਿਆ। ਮੁੰਡਾ ਤਾਂ ਪਿਓ, ਨਾਲ ਹੱਥੋਪਾਈ 'ਤੇ ਉਤਰ ਆਇਆ ਸੀ। ਹੁਣ ਤਾਂ ਹਾਲਾਤ ਇਹ ਸਨ ਕਿ ਜੇ ਨਸ਼ੇ ਲਈ ਪੈਸਾ ਨਾ ਮਿਲਦਾ ਤਾਂ ਘਰਦਾ ਸਮਾਨ ਤੇ ਬੂਹੇ ਭੰਨਣ ਡਹਿ ਜਾਂਦਾ। ਮੁੰਡਾ ਖੂੰਖਾਰ ਜਾਨਵਰ ਹੀ ਬਣਦਾ ਜਾ ਰਿਹਾ ਸੀ।

ਪਰ ਉਹ ਤਾਂ ਪਿਤਾ ਸੀ। ਕੀ ਕਰਦਾ। ਸਭ ਕੁਝ ਬਰਦਾਸ਼ਤ ਕਰਦਾ, ਉਸ ਤੇ ਮਿਹਨਤ ਕਰਦਾ ਰਿਹਾ। ਉਸਦੀ ਸਾਰੀ ਉਮਰ ਦੀ ਕਿਰਤ, ਇਹਨਾਂ ਸਾਲਾਂ 'ਚ ਪਾਣੀ ਵਾਂਗੂੰ ਵਹਿ ਗਈ ਸੀ। ਪਰ ਹੱਥ-ਪੱਲੇ, ਅਜੇ ਕੁਝ ਨਹੀਂ ਸੀ ਪੈ ਰਿਹਾ। ਹੁਣ ਤਾਂ ਪੁੱਤ ਨੇ ਉਹਦੇ ਹੱਥ ਹੀ ਖੜ੍ਹੇ ਕਰਵਾ ਦਿੱਤੇ ਸਨ। ਉਹ ਸੋਚਦਾ ਪੁੱਤ ਹੁਣ ਉਹਦਾ, ਛਿੰਦਾ ਪੁੱਤ ਨਹੀਂ ਸੀ ਰਿਹਾ। ਨਸ਼ਿਆਂ ਦੀ ਪੰਡ ਬਣ ਗਿਆ ਸੀ। ਜੋ ਜ਼ਹਿਰ ਦੇ ਢੇਰ 'ਤੇ ਬੈਠਾ ਹੋਇਆ, ਉਸ ਦੀਆਂ ਆਸਾਂ 'ਤੇ ਪਾਣੀ ਫੇਰ ਰਿਹਾ ਸੀ। ਉਸਨੂੰ ਕਦੇ ਆਸ ਸੀ ਇਹ ਜ਼ਰੂਰ ਸੁਧਰ ਜਾਵੇਗਾ। ਪਰ ਇੰਜ ਹੋ ਨਾ ਸਕਿਆ। ਹੁਣ ਤਾਂ ਕੁਝ ਵੀ ਨਹੀਂ ਸੀ ਹੋ ਸਕਦਾ। ਪਰ ਉਹ ਤਾਂ ਇਸ ਤਰ੍ਹਾਂ ਦੀ ਜਲਾਲਤ ਭਰੀ ਜ਼ਿੰਦਗੀ ਨਹੀਂ ਸੀ ਜਿਉਂ ਸਕਦਾ। ਉਸ ਨੇ ਮਨ 'ਚ ਇਕ ਫੈਸਲਾ ਕਰ ਲਿਆ, ਉਹ ਇਵੇਂ ਹੋਰ ਤੰਗ ਨਹੀਂ ਹੋਵੇਗਾ ਤੇ ਆਪਣੀ ਜਿੰਦਗੀ ਨੂੰ ਸੁਰਖਰੂ ਕਰ ਲਵੇਗਾ ਅੱਜ ਹੀ ਉਸ ਨੇ ਬਜ਼ਾਰੋਂ ਲਿਆਂਦੀ ਸਲਫ਼ਾਸ ਦੀ ਡੱਬੀ 'ਚੋਂ ਇੱਕ-ਗੋਲੀ ਕੱਢੀ ਤੇ ਅੱਧੀ ਰਾਤ ਨੂੰ , ਸੁੱਤੇ ਪਏ ਮੁੰਡੇ ਦੇ ਮੂੰਹ 'ਚ ਤੁੰਨ ਦਿੱਤੀ ਤੇ ਆਪਣੇ ਕਮਰੇ 'ਚ ਠੰਡਾ ਹੌਕਾ ਲੈ ਕੇ ਪੈ ਗਿਆ।

**ਵਾਲੀਆ ਹਸਪਤਾਲ**

ਨਡਾਲਾ (ਕਪੂਰਥਲਾ), 98151-86532

◆◆◆



# ਸਰਦਾਰਨੀ

**ਸੁਰਜੀਤ 'ਦੇਵਲ'**

ਹਰਮੇਲ ਸਿਹੁੰ ਦਾ ਬਾਪੂ ਵੈਅ ਖਤੀਆ ਸੀ ਉਹਨੇ ਚਹੁੰ ਕਿੱਲੇ ਜ਼ਮੀਨ ਦੇ ਸ਼ਰਾਬ ਦੀ ਭੇਟ ਚੜ੍ਹਾ ਦਿੱਤੇ। ਏਸ ਝੋਰੇ, ਗ਼ਮਾਂ ਵਿੱਚ ਹਰਮੇਲ ਦੀ ਮਾਂ ਰੱਬ ਨੂੰ ਪਿਆਰੀ ਹੋ ਗਈ। ਹੁਣ ਦੋ ਕਿੱਲੇ ਜ਼ਮੀਨ ਦੇ ਉਨ੍ਹਾਂ ਕੋਲ ਬਚਦੇ ਸੀ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹਰਮੇਲ ਨੇ ਕਿੱਲ੍ਹਾ ਜ਼ਮੀਨ ਦਾ ਵੇਚ ਕੇ ਆਪਣੀ ਜੁਆਨ ਭੈਣ ਦਾ ਵਿਆਹ ਕਰ ਦਿੱਤਾ, ਤੇ ਕਿੱਲਾ ਜ਼ਮੀਨ ਦਾ ਹਰਮੇਲ ਹਿੱਸੇ ਬਚ ਗਿਆ। ਹੁਣ ਐਨੀ ਕੁ ਜ਼ਮੀਨ ਤੇ ਜੱਟ ਦੇ ਪੁੱਤ ਨੂੰ ਕੌਣ ਰਿਸ਼ਤਾ ਕਰਦੈ। ਹਰਮਲੇ ਆਪੇ ਮੰਨੀਆਂ ਥੱਪਦਾ ਤੇ ਪਿਉ ਪੁੱਤ ਡੱਕ ਲੈਂਦੇ। ਹਰਮੇਲ ਬੜਾ ਹਸਮੁੱਖ ਤੇ ਨਿੱਘੇ ਸੁਭਾਅ ਦਾ ਮਿਲਾਪੜਾ ਬੰਦਾ ਹੋਣ ਕਰਕੇ ਹਾੜੀ ਸਾਉਣੀ ਦੇ ਸੀਜਨ ਵਿੱਚ ਉਸ ਨੂੰ ਪਿੰਡ ਦੀ ਅਨਾਜ ਮੰਡੀ ਵਿੱਚ ਜਲ ਸੇਵਾ ਲਈ ਡਿਊਟੀ ਤੇ ਤੈਨਾਤ ਕਰ ਦਿੰਦੇ।

ਇਕ ਦਿਨ ਅਨਾਜ ਮੰਡੀ ਵਿੱਚ ਮਾਰਕੀਟ ਕਮੇਟੀ ਦੇ ਲੱਗੇ ਟੈਂਟ ਵਿੱਚ ਬੈਠੇ ਆਕਸ਼ਨ ਰਿਕਾਰਡਰ ਨੇ ਉਸ ਨੂੰ ਪੁੱਛਿਆ -

"ਹੋਰ ਸਣਾ ਹਰਮੇਲ ਸਿੰਹਾ, ਬਾਲ ਬੱਚੇ ਕੀ ਕਰਦੇ ਨੇ ?"

"ਸਰਦਾਰ ਜੀ ਦੋ ਬੇਟੇ ਨੇ, ਦੋਵੇਂ ਅਜੇ ਪੜ੍ਹਦੇ ਨੇ।"

"ਅੱਛਿਆ, ਬੱਚਿਆਂ ਦੇ ਨਾਨਕੇ ਕਿੱਥੇ ਨੇ ?"

"ਬੱਚਿਆਂ ਦੇ ਨਾਨਕੇ ਤਾਂ ਜੀ ਮੈਂ ਅੱਜ ਤੱਕ ਨਹੀਂ ਵੇਖੇ। ਪਰ ਇਹੀ ਸੁਣਦਾ ਆ ਰਿਹਾਂ ਬਈ ਕਲਕੱਤੇ ਕੋਲ ਨੇ।"

"ਬੱਚਿਆਂ ਦੇ ਨਾਨਕ ਤੂੰ ਅੱਜ ਤੱਕ ਵੇਖੇ ਨਹੀਂ ਤਾਂ ਵਿਆਹਿਆ ਕਿਵੇਂ ਗਿਆ ?"

"ਸਰਦਾਰ ਜੀ ਏਥੇ ਹੀ ਮੰਡੀ 'ਚ ਸਾਡੇ ਪਿੰਡ ਦੇ ਡਰਾਇਵਰ ਨਾਲ ਇਕ ਦਿਨ ਮੇਰੀ ਮੁਲਾਕਾਤ ਹੋ ਗਈ। ਉਹ ਕਲਕੱਤੇ ਵੱਲ ਚੱਕਰ ਲਾਉਂਦਾ ਰਹਿੰਦਾ ਤੇ ਆਪਣੇ ਘਰ ਵਾਲੀ ਵੀ ਉਹ ਉਧਰੋਂ ਲਿਆਇਆ ਸੀ। ਉਹਨੇ ਵਿਆਹ ਦੀ ਗੱਲ ਤੋਰੀ ਤਾਂ ਸੌਦਾ ਤਹਿ ਹੋ ਗਿਆ। ਮਹੀਨੇ ਕੁ ਮਗਰੋਂ ਜਦ ਉਹਦੇ ਘਰ ਵਾਲੀ ਪੇਕਿਆਂ ਨੂੰ ਮਿਲਣ ਕਲਕੱਤੇ ਵੱਲ ਗਈ ਤਾਂ ਆਉਂਦੀ ਹੋਈ ਨਾਲ ਇਕ ਹੋਰ ਲੈ ਆਈ। ਸਰਦਾਰ ਜੀ, ਓਧਰ ਤਾਂ ਕਹਿੰਦੇ ਭੁੱਖ ਮਰੀ ਬਹੁਤ ਐ।"

"ਪਰ ਤੂੰ ਤਾਂ ਉਹਦਾ ਜਦ ਘਰ ਬਾਰ ਨਹੀਂ ਜਾਣਦਾ, ਜੇ ਤੇਰਾ ਉਹ ਘਰ ਬਾਰ ਲੁੱਟ ਕੇ ਤਿੱਤਰ ਹੋਜੇ।"

"ਨਹੀਂ ਜੀ, ਹੁਣ ਤਾਂ ਉਹ ਵੱਢਿਆਂ ਤੋਂ ਵੀ ਘਰੋਂ ਬਾਹਰ ਪੈਰ ਨਹੀਂ ਧਰਦੀ। ਹੁਣ ਤਾਂ ਉਹ ਹੱਥੀਂ ਰੱਜ ਕੇ ਖਾਂਦੀ ਤੇ ਮਨ ਭਾਉਂਦੇ ਸੂਟ ਹੰਢਾਉਂਦੀਐ। ਰਿਸ਼ਤੇਦਾਰਾਂ, ਸਾਕਾਂ, 'ਚ ਕੱਲੀ ਜਾ ਕੇ ਮਿਲ ਆਉਂਦੀ ਐ। ਨਾਲੇ ਜੀ ਹੁਣ ਉਹ ਦੇ ਪੈਰੀਂ ਬੱਚਿਆਂ ਦੇ ਮੋਹ ਦੀਆਂ ਬੇੜੀਆਂ ਵੀ ਪੈ ਗਈਆਂ ਨੇ। ਜੇ ਕਦੇ ਪੇਕਿਆਂ ਨੂੰ ਮਿਲਣ ਨੂੰ ਦਿਲ ਕਰਦੈ ਤਾਂ

ਲੁਧਿਆਨਿਉਂ ਗੱਡੀ ਚੜ੍ਹਾ ਆਉਣੇ ਆਂ ਆਪੇ ਜਾ ਕੇ ਮਿਲ ਕੇ ਮੁੜ ਆਉਂਦੀ ਏ।"

"ਫੇਰ ਤਾਂ ਬਈ ਤੈਨੂੰ ਭਈਆ ਰਾਣੀ ਵਧੀਆ ਟੱਕਰ ਗਈ।"

"ਇਹ ਤਾਂ ਜੀ ਇਲਾਕੇ ਦੀ ਵੰਡ ਨਾਲ ਭਾਸ਼ਾ ਬਦਲੀ ਹੋਈ ਐ। ਤੇ ਧਰਮਾਂ ਮਜ਼ਬਾ ਦੇ ਰੰਗ 'ਚ ਰੰਗ ਕੇ ਫ਼ਿਰਕਿਆਂ 'ਚ ਵੀ ਅਸੀਂ ਆਪ ਵੰਡੀਆਂ ਪਾ ਰੱਖੀਆਂ ਨੇ। ਰੱਬ ਨੇ ਤਾਂ ਇਕੋ ਇਨਸਾਨ ਹੀ ਬਣਾਏ ਨੇ। ਮੇਰੇ ਲਈ ਤਾਂ ਉਹ ਪੂਜਣਯੋਗ ਐ ਪੂਜਣਯੋਗ ਜੀਹਨੇ ਮੇਰੇ ਵੇਲ ਵਧਾਈ। ਏਸ ਲਈ ਹੁਣ ਤਸੀਂ ਭਈਆ ਰਾਣੀ ਨਾ ਕਹੋ, ਸਰਦਾਰਨੀ ਕਹੋ ਸਰਦਾਰਨੀ।


10ਬੀ/490

ਨੇੜੇ ਬਾਬਾ ਬਕਾਲਾ ਨਾਥ ਮੰਦਿਰ,

ਧੂਰੀ- 148024 (ਸੰਗਰੂਰ)

ਮੋ. 92563-67202


◆◆◆

# ਵਿਚਾਰਾ ਮਰਦ

**ਭੁਪਿੰਦਰ ਸਿੰਘ 'ਆਸ਼ਟ'**

ਜਦੋਂ ਡਰਾਈਵਰ, ਤਾਕੀ ਖੋਲ੍ਹ ਕੇ ਬੱਸ ਚਲਾਉਣ ਲਈ ਬੈਠਾ, ਤਾਂ ਅਚਾਨਕ ਹੀ ਉਸ ਦੀ ਨਜ਼ਰ, ਇਕ ਨੰਬਰ ਸੀਟ ਦੇ ਕੋਲ ਪਏ ਸਮਾਨ, ਇਕ ਅਟੈਚੀ, ਦੋ ਬੈਗ ਅਤੇ ਹੋਰ ਨਿੱਕ-ਸੁੱਕ ਤੇ ਪਈ ਤਾਂ ਉਸ ਨੇ ਚੀਕ ਕੇ ਕਿਹਾ-

"ਆਹ ਕਬਾੜਖਾਨਾ ਕੀਹਦੈ ਬਈ....?

"ਜੀ ਮੇਰਾ...।"

ਬਹੁਤ ਹੀ ਖੂਬਸੂਰਤ ਐਤ ਗੋਲਮਟੋਲ ਜਿਹੀ ਇਕ ਮੁਟਿਆਰ ਬੋਲੀ। ਡਰਾਈਵਰ ਨੇ ਉਹਦੇ ਵੱਲ ਵੇਖ ਕੇ ਬੁਲ੍ਹਾਂ ਤੇ ਜੀਭ ਫੇਰੀ ਅਤੇ ਬੱਸ ਤੋਰ ਲੀ।


ਪਿੰਡ ਤੇ ਡਾਕ ਘੱਗਾ

ਜ਼ਿਲ੍ਹਾ ਪਟਿਆਲਾ -147102


◆◆◆

# ਧੁੱਪ ਵਰਗ ਰੰਗ

**ਭੀਮ ਸਿੰਘ ਗਰਚਾ**

ਮੁੰਡੇ ਨੇ ਕੁੜੀ ਪਸੰਦ ਕਰ ਲਈ ਤੇ ਕੁੜੀ ਨੇ ਮੁੰਡਾ। ਦੋਹਾਂ ਦੇ ਮਾਂ ਬਾਪ ਬਹੁਤ ਹੀ ਖੁਸ਼ ਸਨ। ਚਾਹ ਪਾਣੀ ਦੀ ਰਸਮਤ ਤੋਂ ਬਾਅਦ ਦੋਹਾਂ ਦੇ ਮਾਪੇ ਡਰਾਇੰਗ ਰੂਮ 'ਚੋਂ ਬਾਹਰ ਨਿਕਲ ਗਏ ਤੇ ਹੁਣ ਮੁੰਡੇ ਅਤੇ ਕੁੜੀ ਨੂੰ ਆਪਸ ਵਿੱਚੀਂ ਗੱਲਬਾਤ ਕਰਨ ਦਾ ਮੌਕਾ ਮਿਲ ਗਿਆ।

ਕੁਝ ਚਿਰ ਤਾਂ ਦੋਹਾਂ 'ਚ ਖਾਮੋਸ਼ੀ ਜਿਹੀ ਛਾਈ ਰਹੀ ਤੇ ਫਿਰ ਮੁੰਡਾ ਕੁਝ ਹੌਂਸਲਾ



ਜਿਹਾ ਕਰਕੇ ਬੋਲਿਆ – "ਹੁਣ ਤੱਕ ਮੈਂ ਦਸ ਬਾਰਾਂ ਕੁੜੀਆਂ ਵੇਖ ਚੁੱਕਾ ਹਾਂ। ਉਨ੍ਹਾਂ 'ਚੋਂ ਮੈਨੂੰ ਕੋਈ ਵੀ ਚੰਗੀ ਨਹੀਂ ਲੱਗੀ। ਪਰ ਤੁਹਾਡੇ ਨੈਣ ਨਕਸ਼ ਅਤੇ ਧੁੱਪ ਵਰਗੇ ਗੋਰੇ ਰੰਗ ਨੂੰ ਵੇਖ ਕੇ ਤਾਂ ਮੈਂ ਕੀਲਿਆ ਹੀ ਗਿਆ ਤੇ ਮੈਨੂੰ ਹਾਂ ਕਰਨੀ ਪਈ।"

ਕੁੜੀ ਮੁੰਡੇ ਵੱਲ ਬਹੁਤ ਹੀ ਹੈਰਾਨੀ ਨਾਲ ਵੇਖਦੀ ਹੋਈ ਇਕ ਦਮ ਬੋਲੀ "ਜੇ ਵਿਆਹ ਤੋਂ ਬਾਅਦ ਕਿਸੇ ਬਿਮਾਰੀ ਕਾਰਨ ਮੇਰਾ ਇਹ ਧੁੱਪ ਵਰਗਾ ਰੰਗ ਫਿੱਕਾ ਪੈ ਗਿਆ, ਫਿਰ ਤੁਸੀਂ ਕੀ ਕਰੋਗੇ?"

ਮੁੰਡੇ ਨੂੰ ਜਦੋਂ ਇਸ ਗੱਲ ਦਾ ਕੋਈ ਜਵਾਬ ਹੀ ਨਾ ਅਹੁੜਿਆ ਤਾਂ ਕੁੜੀ ਫਿਰ ਬੋਲੀ ਪਈ – "ਤੁਹਾਡੇ ਕਹਿਣ ਮੁਤਾਬਿਕ ਤੁਸੀਂ ਹੁਣ ਤੱਕ ਕਈ ਕੁੜੀਆਂ ਵੇਖ ਚੁੱਕੇ ਹੋ। ਪਰ ਕਿਸੇ ਕੁੜੀ ਦੀ ਸੂਝ ਬੂਝ, ਉਸ ਦੀ ਅੰਦਰਲੀ ਖ਼ੂਬਸੂਰਤੀ ਤੇ ਉਸ ਦੁਆਰਾ ਸਖ਼ਤ ਮਿਹਨਤ ਕਰਕੇ ਪ੍ਰਾਪਤ ਕੀਤੀਆਂ ਵਿਦਿੱਕ ਡਿਗਰੀਆਂ ਅਤੇ ਡਿਪਲੋਮਿਆਂ ਦੀ ਤਾਂ ਤੁਸੀਂ ਕੋਈ ਕਦਰ ਹੀ ਨਹੀਂ ਕੀਤੀ। ਤੁਸੀਂ ਤਾਂ ਸਿਰਫ਼ ਉਨ੍ਹਾਂ ਦੀ ਉਪਰਲੀ ਚਮੜੀ ਦਾ ਰੰਗ ਹੀ ਵੇਖਿਐ।" ਕੁਝ ਚਿਰ ਰੁਕ ਕੇ ਉਹ ਮੁੰਡੇ ਵੱਲ ਬਹੁਤ ਹੀ ਨਫ਼ਰਤ ਭਰੀਆਂ ਨਜ਼ਰਾਂ ਨਾਲ ਵੇਖਦੀ ਹੋਈ ਕੁਝ ਤੱਤੀ ਜਿਹੀ ਆਵਾਜ਼ 'ਚ ਬੋਲੀ – "ਮਾਫ਼ ਕਰਨਾ, ਮੈਨੂੰ ਤੁਹਾਡੇ ਵਰਗੇ ਚਮੜੀ ਪੂਜ ਲੋਕ ਬਿਲਕੁਲ ਹੀ ਪਸੰਦ ਨਹੀਂ ਹਨ।"

ਇਹ ਕਹਿਕੇ ਕੁੜੀ ਝੱਟ ਡਰਾਇੰਗ ਰੂਮ 'ਚੋਂ ਬਾਹਰ ਨਿਕਲ ਗਈ।


ਪਿੰਡ ਰੌਪੁਰ ਰਾਜਪੂਤਾਂ ਡਾਕ – ਬੀਜ਼ਾ

ਜ਼ਿਲ੍ਹਾ-ਲੁਧਿਆਣਾ

ਮੋਬਾ. 98143-51394


◆◆◆

# ਨਿਬੰਧ

## ਪੰਜਾਬੀ ਸੱਭਿਆਚਾਰ : ਮੂਲ ਪਛਾਣ-2

**ਡਾ. ਜਗੀਰ ਸਿੰਘ ਨੂਰ**



ਪੰਜਾਬੀ ਲੋਕ ਕਈ ਜਾਤਾਂ ਅਤੇ ਕਬੀਲਿਆਂ ਵਿੱਚੋਂ ਹਨ ਅੱਗੋਂ ਇਨ੍ਹਾਂ ਦੀ ਇਕੱਲੀ-ਇਕੱਲੀ ਜਾਤ ਕਈ ਗੋਤਾਂ ਵਿੱਚ ਵੰਡੀ ਹੋਈ ਹੈ। ਧਰਮ ਦੀ ਦ੍ਰਿਸ਼ਟੀ ਤੋਂ ਇਹ ਲੋਕ ਹਿੰਦੂ, ਸਿੱਖ, ਇਸਾਈ, ਮੁਸਲਮਾਨ, ਜੈਨੀ, ਬੋਧੀ ਆਦਿ ਹਨ। ਪਰੰਤੂ ਇਸ ਤੋਂ ਵੀ ਅੱਗੇ ਇਨ੍ਹਾਂ ਦੀਆਂ ਕਈ ਹੋਰ ਉਪ-ਵੰਡਾਂ ਵੀ ਹਨ, ਜਿਵੇਂ ਸਿੱਖਾਂ ਵਿੱਚ ਕਬੀਰ ਪੰਥੀ, ਰਾਮਦਾਸੀਏ, ਪ੍ਰਜਾਪਤੀ, ਰਾਮਗੜ੍ਹੀਏ, ਕਸ਼ਿਅਪ, ਨਾਮਧਾਰੀ, ਨਿਰੰਕਾਰੀ, ਰਾਧਾ-ਸੁਆਮੀ ਆਦਿ। ਇਸੇ ਤਰ੍ਹਾਂ ਈਸਾਈਆਂ ਦੇ ਕੈਥੋਲਿਕ, ਮੈਥੇਡਿਕਸ ਆਦਿ ਕਈ ਫ਼ਿਰਕੇ ਹਨ ਅਤੇ ਮੁਸਲਮਾਨਾਂ ਵਿੱਚ ਸੁੰਨੀ, ਸ਼ੀਆ, ਅਹਿਮਦੀਆ ਆਦਿ 9 ਧਾਰਮਿਕ ਫ਼ਿਰਕੇ ਹਨ। ਪਰ ਕੁਲ ਮਿਲਾ ਕੇ, ਇਨ੍ਹਾਂ ਦਾ ਲੋਕ-ਧਰਮ ਮਨੁੱਖਤਾ ਪ੍ਰਤੀ ਨੇਕੀ, ਕੁਰਬਾਨੀ ਤਿਆਗ, ਪਿਆਰ ਅਤੇ ਸਿਮਰਨ ਜਾਂ ਇਬਾਦਤ ਦੇ ਰੂਪ ਵਿੱਚ ਪ੍ਰਗਟ ਹੁੰਦਾ ਆ ਰਿਹਾ ਹੈ।

ਪੰਜਾਬੀ ਸਭਿਆਚਾਰ ਦੀ ਜਾਣਕਾਰੀ ਦੇ ਦੋ ਮੂਲ ਸੋਮੇ ਹਨ। ਪਹਿਲੀ ਕਿਸਮ ਦੇ ਸੋਮੇ ਉਹ ਹਨ, ਜੋ ਪੰਜਾਬੀ ਸਭਿਆਚਾਰ ਦੀ ਸਿਰਜਨਾਤਮਿਕਤਾ ਅਤੇ ਖੋਜ ਵਿੱਚ ਸਹਾਈ ਹੋਣ ਵਾਲੇ ਤੱਥਾਂ ਅਤੇ ਵਿਧੀਆਂ ਦੀ ਜਾਣਕਾਰੀ ਕਰਾਉਣ ਵਿਚ ਸਹਾਈ ਹੁੰਦੇ ਹਨ। ਜਿਵੇਂ ਮੌਖਿਕ ਸਾਹਿਤ, ਭਵਨ ਨਿਰਮਾਣ, ਇਮਾਰਤਾਂ, ਖੰਡਰ, ਪੀੜ੍ਹੀ ਦਰ ਪੀੜ੍ਹੀ ਸਥਾਪਿਤ ਹੋ ਚੁੱਕੇ ਰੀਤੀ-ਰਿਵਾਜ, ਰਸਮਾਂ, ਵਿਸ਼ਵਾਸ ਆਦਿ ਦੂਸਰੀ ਕਿਸਮ ਦੇ ਸੋਮਿਆਂ ਦੇ ਅੰਤਰਗਤ ਇਤਿਹਾਸਕ ਸੋਮੇ ਆਉਂਦੇ ਹਨ, ਜਿਨ੍ਹਾਂ ਨੇ ਸਭਿਆਚਾਰ ਨੂੰ ਘੜਨ ਅਤੇ ਪ੍ਰਗਤੀ ਵੱਲ ਲੈ ਜਾਣ ਵਾਸਤੇ ਵਿਸ਼ੇਸ਼ ਹਿੱਸਾ ਪਾਇਆ ਹੈ। ਇਸ ਕਿਸਮ ਦੇ ਸੋਮਿਆਂ ਨੂੰ ਸਿਰਜਣ ਵਿਚ ਨਿਸ਼ਧ ਆਦਿ ਲੋਕਾਂ ਦਾ ਕੁਝ ਕੁ ਯੋਗਦਾਨ ਰਿਹਾ ਹੈ, ਜੋ ਪਹਿਲਾਂ ਪਹਿਲੋਂ ਪੰਜਾਬ ਦੇ ਵਾਸੀ ਰਹੇ ਸਨ ਅਤੇ ਮੁੱਖ ਰੂਪ ਵਿੱਚ ਖੇਤੀਬਾੜੀ ਦਾ ਮਾੜਾ-ਮੋਟਾ ਧੰਦਾ ਕਰਦੇ ਸਨ। ਇਸ ਤੋਂ ਉਪਰੰਤ ਇਥੇ ਦਰਾਵੜੀ ਕਬੀਲੇ ਪ੍ਰਮੁੱਖ ਬਣੇ, ਜੋ ਅਨਾਜ ਉਗਾਉਂਦੇ ਅਤੇ ਪਸ਼ੂ ਪਾਲਣ ਤੋਂ ਇਲਾਵਾ ਪਿੰਡ ਨਿਰਮਾਣ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾ ਗਏ। 'ਸ਼ਿਵ ਜੀ' ਵਰਗੇ ਦੇਵਤੇ ਦਾ ਸੰਕਲਪ ਦਰਾਵੜ ਲੋਕਾਂ ਦੀ ਦੇਣ ਹੈ। ਇਹ ਲੋਕ ਕਈ ਸ਼ਿਲਪ-ਕਲਾਵਾਂ ਅਤੇ ਮਨੋਰੰਜਨਾਂ ਦੇ ਸ਼ੌਕੀਨ ਵੀ ਹਨ। ਹੱਸਣਾ, ਖੇਡਣਾ, ਨੱਚਣਾ, ਟੱਪਣਾ, ਗਾਉਣਾ-ਵਜਾਉਣਾ ਇਨ੍ਹਾਂ ਦੇ ਮਨੋਰੰਜਨ ਦੇ ਵਿਸ਼ੇਸ਼ ਪਹਿਲੂ ਸਨ। ਇਨ੍ਹਾਂ



ਲੋਕਾਂ ਨੇ ਸਮਾਜਿਕ ਜਾਤੀ ਵਿੱਚ ਵੰਡ ਪਾਉਣਾ ਸ਼ੁਰੂ ਕੀਤੀ।

ਦਰਾਵੜਾਂ ਦੇ ਮੌਕੇ ਵਿਹਾਜ ਜਾਣ ਤੋਂ ਮਗਰੋਂ ਇੰਡੋ-ਆਰੀਅਨਾਂ ਲੋਕਾਂ ਦਾ ਪੰਜਾਬ ਵਿੱਚ ਵਾਸਾ ਅਤੇ ਕਬਜ਼ਾ ਹੋ ਗਿਆ, ਜੋ 600 ਸਦੀ ਪੂਰਵ-ਈਸਵੀ ਤੱਕ ਉੱਤਰੀ ਭਾਰਤ ਵਿਚ ਵਧੇਰੇ ਗਿਣਤੀ ਵਿੱਚ ਵੱਸ ਚੁੱਕੇ ਸਨ। ਇਨ੍ਹਾਂ ਲੋਕਾਂ ਦੀ ਸਥਾਪਨਾ ਵਧੇਰੇ ਕੀਤੀ ਅਤੇ ਇਸ ਸਮੇਂ 'ਗੋਤਾਂ ਆਦਿ ਦੇ ਨਾਮ ਉੱਪਰ ਪਿੰਡਾਂ ਦੇ ਨਾਮਕਰਨ ਦਾ ਰਿਵਾਜ ਪ੍ਰਚਲਿਤ ਹੋਇਆ। ਇਹ ਲੋਕ ਪਸ਼ੂ-ਪਾਲਣ ਅਤੇ ਦੇਵੀ-ਦੇਵਤਿਆਂ ਦੀ ਪੂਜਾ ਅਰਚਨਾ ਕਰਨ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ। ਇਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਬਹੁਤ ਸਾਰੇ ਆਪਣੇ ਮੌਲਿਕ ਤੱਤ ਪ੍ਰਦਾਨ ਕੀਤੇ। ਜਾਤੀ ਵਿਵਸਥਾ ਨੂੰ ਇਨ੍ਹਾਂ ਲੋਕਾਂ ਨੇ ਪਰਪੱਕ ਕੀਤਾ, ਮਨੋਰੰਜਨ ਦੇ ਸਾਧਨਾਂ ਨੂੰ ਮਾਨਣ ਵਿਚ ਵੀ ਇਨ੍ਹਾਂ ਕਾਫੀ ਵਾਧਾ ਕੀਤਾ। ਆਰੀਆ ਲੋਕਾਂ ਪਿਛੋਂ ਪੰਜਾਬ ਵਿਚ ਸਿਥੀਅਨ ਕਬੀਲੇ ਪ੍ਰਵਾਨ ਚੜ੍ਹੇ ਜਿਨ੍ਹਾਂ ਵਿਚੋਂ ਰਾਜਪੂਤ ਅਤੇ ਜੱਟ ਮੁੱਖ ਸਨ। ਇਨ੍ਹਾਂ ਸਭ ਲੋਕਾਂ ਨੇ ਪੰਜਾਬੀ ਸਭਿਆਚਾਰ ਨੇ ਨਿਰਮਾਣ ਵਿਚ ਬਹੁਤ ਯੋਗਦਾਨ ਪਾਇਆ। ਇਹ ਮਿਹਨਤੀ ਅਤੇ ਸਿਰੜੀ ਪਰ ਮੋਟਾ.... ਠੁੱਲ੍ਹਾ ਜੀਵਨ ਬਸਰ ਕਰਨ ਵਾਲੇ ਲੋਕ ਸਨ। ਅਣਖ ਅਤੇ ਗੈਰ ਦੀ ਜ਼ਿੰਦਗੀ ਜਿਉਣੀ ਇਨ੍ਹਾਂ ਲੋਕਾਂ ਦੀ ਮੁੱਖ ਵਿਸ਼ੇਸ਼ਤਾ ਸੀ। ਸਾਦਾ-ਮੁਰਾਦਾ ਪਹਿਨਣਾ, ਰੱਜ ਕੇ ਖਾਣਾ-ਪੀਣਾ , ਲੜਨਾ-ਭਿੜਨਾ, ਪਸ਼ੂ ਪਾਲਣੇ, ਖੇਤੀਬਾੜੀ ਦਾ ਧੰਦਾ ਕਰਨਾ, ਦੁੱਧ-ਘਿਓ ਮਾਸ ਦਾ ਸੇਵਨ ਕਰਨਾ ਇਨ੍ਹਾਂ ਦੀਆਂ ਵਿਸ਼ੇਸ਼ ਖੂਬੀਆਂ ਸਨ। ਪਿੰਡਾਂ ਡੇਰਿਆਂ ਟਾਣੀਆਂ ਵਿਚ ਵੱਸੇ ਪੰਜਾਬੀਆਂ ਵਿੱਚ ਇਹ ਲੱਛਣ ਅਜੇ ਵੀ ਬਰਕਰਾਰ ਹਨ।

ਪੰਜਾਬੀ ਸੱਭਿਆਚਾਰ ਸੰਬੰਧੀ ਉਕਤ ਜਾਣਕਾਰੀ ਤੋਂ ਇਲਾਵਾ ਹੋਰ ਮਹੱਤਵਪੂਰਨ ਪਹਿਲੂ ਨਾਥਾਂ-ਜੋਗੀਆਂ ਦੇ ਸਾਹਿਤ ਦੀ ਪਰੰਪਰਾ, ਸੂਫ਼ੀ ਅਤੇ ਕਿੱਸਾ-ਕਵੀਆਂ ਦਾ ਸਾਹਿਤ, ਸੰਤ-ਭਗਤਾਂ ਦੀਆਂ ਕਲਾਸਿਕ ਰਚਨਾਵਾਂ ਅਤੇ ਵਿਸੇਸ਼ ਰੂਪ ਵਿੱਚ ਗੁਰੂ ਸਾਹਿਬਾਂ ਦੀ ਬਾਣੀ ਨੇ ਪੰਜਾਬੀ ਸੱਭਿਆਚਾਰਕ ਜੀਵਨ ਸ਼ੈਲੀ ਦੇ ਨਿਰਮਾਣ ਵਿਚ ਸਾਹਿਤਕ ਪੱਖੋਂ ਵੀ ਅਤੇ ਜੀਵਨ ਦੇ ਵਿਵਹਾਰਿਕ ਰੂਪ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾਇਆ। ਸਭ ਨੂੰ ਪਤਾ ਹੈ ਕਿ ਸਾਹਿਤ ਅਤੇ ਸਭਿਆਚਾਰ ਦਾ ਅਨਿੱਖੜ ਰਿਸ਼ਤਾ ਹੈ, ਇਸ ਲਈ ਆਦਿ-ਕਾਲ ਤੋਂ ਆਧੁਨਿਕ ਕਾਲ ਦੇ ਸਾਹਿਤਕਾਰਾਂ ਨੇ ਜਿੱਥੇ ਪੰਜਾਬੀ ਸੱਭਿਆਚਾਰਕ ਜੀਵਨ ਸੈਲੀ ਦੇ ਨਿਰਮਾਣਕ ਤੱਤਾਂ ਨੂੰ ਉਭਾਰਨ ਵਿਚ ਯੋਗਦਾਨ ਪਾਇਆ ਹੈ, ਉਥੇ ਇਸ ਨੂੰ ਵਿਕਾਸ ਦੇ ਪੜਾਵਾਂ ਥਾਣੀਂ ਗੁਜ਼ਰਦਾ ਹੋਇਆ ਵੀ ਵਿਖਾਇਆ ਹੈ।

ਪੰਜਾਬੀ ਸੱਭਿਆਚਾਰ ਦੇ ਅਜੋਕੇ ਰੂਪ ਵਿੱਚ ਜਿਤੇ ਪੱਛਮ ਦਾ ਪ੍ਰਭਾਵ ਵਰਤੋਂ ਵਿਹਾਰ, ਖਾਣ ਪੀਣ, ਪਹਿਨਣ ਅਤੇ ਭਾਸ਼ਾ ਦੇ ਪੱਖੋਂ ਵਿਸੇਸ਼ ਰੂਪ ਵਿਚ ਪਿਆ ਹੈ, ਉਥੇ ਨਾਲ-ਨਾਲ ਸਾਡੇ ਆਪਣੇ ਦੇਸ਼ ਅਤੇ ਵਿਦੇਸ਼ ਕਰਕੇ ਪੰਜਾਬ ਵਿੱਚ ਪੁਨਰ-ਜਾਗਰਤੀ ਦੀਆਂ ਲਹਿਰਾਂ, ਜਿਨ੍ਹਾਂ ਵਿਚ ਈਸਾਈ ਮਿਸ਼ਨਰੀਆਂ ਦੀ ਲਹਿਰ, ਅਹਿਮਦੀਆ ਲਹਿਰ, ਇਸਲਾਮੀ ਲਹਿਰ ਅਤੇ ਹੋਰ ਸਮਾਜ ਸੁਧਾਰਕ ਲਹਿਰਾਂ ਆਦਿ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬੀ ਸਭਿਆਚਾਰ ਦੇ ਸੋਮੇ ਵਿਸ਼ਾਲ

ਪ੍ਰਕਿਰਤੀ ਅਤੇ ਸੰਰਚਨਾ ਦੇ ਧਾਰਨੀ ਹਨ ਅਤੇ ਪੰਜਾਬੀ ਸੱਭਿਆਚਾਰ ਦੁਨੀਆਂ ਦੇ ਸਭਿਆਚਾਰਾਂ ਵਿਚ ਆਪਣੀ ਨਿਵੇਕਲੀ ਪਛਾਣ ਰੱਖਦਾ ਹੈ।

ਜਿਥੋਂ ਤੱਕ ਪੰਜਾਬੀਆਂ ਦੇ ਰਿਹਾਇਸ਼ੀ ਥਾਵਾਂ ਦਾ ਸੰਬੰਧ, ਕਿਹਾ ਜਾ ਸਕਦਾ ਹੈ ਕਿ ਪੰਜਾਬ ਪਿੰਡਾਂ ਸਦਕਾ ਮਸ਼ਹੂਰ ਹੈ ਪਰੰਤੂ ਫਿਰ ਵੀ ਪੰਜਾਬੀਆਂ ਵਾਸਤੇ ਨਗਰਾਂ, ਕਸਬਿਆਂ ਦਾ ਸ਼ਹਿਰਾਂ ਵਿਚ ਰਹਿਣਾ ਤੇ ਵੱਸਣਾ ਖੁਸ਼ੀ ਦੀ ਗੱਲ ਹੈ। ਗਿਆਨ-ਵਿਗਿਆਨ ਦੀਆਂ ਨਵੀਆਂ ਪਰਾਪਤੀਆਂ ਅਤੇ ਅਰਾਮਦਾਇਕ ਸਹੂਲਤਾਂ ਸਦਕਾ ਵੀ ਇਹ ਲੋਕੀ ਸ਼ਹਿਰਾਂ ਵੱਲ ਰੁਝਾਣ ਰੱਖਣ ਲੱਗ ਪਏ ਹਨ। ਮੰਡੀਆਂ ਦੀ ਸਥਾਪਤੀ, ਸੂਚਨਾ ਤਕਨਾਲੋਜੀ ਦੇ ਕੇਂਦਰ, ਰੋਜ਼ੀ-ਰੋਟੀ ਦੇ ਸਾਧਨਾਂ ਅਤੇ ਕੰਮਾਂ ਕਾਰਾਂ ਦੀ ਸਹੂਲਤਾਂ ਨੇ ਵੀ ਇਨ੍ਹਾਂ ਲੋਕਾਂ ਤੋਂ ਸ਼ਹਿਰਾਂ ਵੱਲ ਜਾਣ ਲਈ ਪ੍ਰੇਰਿਆ ਹੈ ਪਰੰਤੂ ਫਿਰ ਵੀ ਪੰਜਾਬ ਦੇ ਵਧੇਰੇ ਲੋਕ ਪਿੰਡਾਂ ਵਿੱਚ ਵੱਸਦੇ ਹਨ। (ਚਲਦਾ)

◆◆◆

*ਮੈਂ ਤੇ ਮੇਰਾ ਸਾਈਕਲ*

# ਮੇਰੇ ਸਾਈਕਲ ਤੋਂ ਡਰਨ ਫਰਿਸ਼ਤੇ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਸਾਈਕਲ ਉਤੇ ਦੌੜਦਾ ਹੋਇਆ ਲੋਕ ਚੀਨ, ਸੰਸਾਰ ਨੂੰ ਸਰ ਕਰਨ ਹੀ ਵਾਲਾ ਹੈ। ਸਾਈਕਲ ਉੱਤੇ ਦੌੜਦੀ ਲੋਕ ਚੀਨ ਦੀ ਤਰੱਕੀ ਜਰਮਨੀ, ਜਾਪਾਨ ਨੂੰ ਪਛਾੜਦੀ, ਅਮਰੀਕਾ ਉਤੇ ਆਰਥਿਕ ਜਿੱਤ ਪ੍ਰਾਪਤ ਕਰਨ ਵੱਲ ਵਧ ਰਹੀ ਹੈ। ਸਾਰੀਆਂ ਸਿਖਰ ਦੀਆਂ ਕੌਮਾਂਤਰੀ ਖੇਡਾਂ ਵਿਚ ਲੋਕ ਚੀਨ, ਅਮਰੀਕਾ ਸਮੇਤ ਸਾਰੇ ਸੰਸਾਰ ਨੂੰ ਕਦੋਂ ਦਾ ਜਿੱਤ ਚੁੱਕਾ ਹੈ।

ਚੀਨ ਦੀਆਂ ਸੜਕਾਂ, ਸਾਈਕਲ ਸਵਾਰਾਂ ਨਾਲ ਭਰੀਆਂ ਚੱਲਦੀਆਂ ਹਨ। ਯੂਰਪ ਦੇ ਉਨਤ ਦੇਸ਼ ਹਾਲੈਂਡ ਵਿੱਚ ਵੱਧ ਤੋਂ ਵੱਧ ਲੋਕ ਸਾਈਕਲ ਦੀ ਸਵਾਰੀ ਕਰਦੇ, ਆਪਣੇ ਕੰਮਕਾਰ ਉੱਤੇ ਜਾਂਦੇ ਹਨ। ਮੰਤਰੀ, ਅਫ਼ਸਰ ਸਾਈਕਲਾਂ ਉੱਤੇ ਹੀ ਆਪਣੇ ਦਫ਼ਤਰ ਜਾਂਦੇ ਹਨ। ਤੁਸੀਂ ਟਰੇਨ ਵਿਚ ਸਾਈਕਲ ਰੱਖ ਸਕਦੇ ਹੋ। ਆਪਣੇ ਸਟੇਸ਼ਨ ਉਤੇ ਉਤਰੋ, ਸਾਈਕਲ ਉਤਾਰੋ ਅਤੇ ਆਪਣੀ ਕੰਮ ਵਾਲੀ ਥਾਂ ਸਾਈਕਲ ਦੀ ਸਵਾਰੀ ਕਰਦੇ ਪਹੁੰਚ ਜਾਵੋ। ਏਸੇ ਤਰ੍ਹਾਂ ਆਪਣੇ ਘਰ ਮੁੜ ਸਕਦੇ ਹੋ।

ਦੱਖਣੀ ਕੋਰੀਆ ਦਾ ਰਾਸ਼ਟਰਪਤੀ ਮਿਊਂਗਵਾਕ ਆਪਣੇ ਘਰ ਤੋਂ ਬਲੀਊ ਹਾਊਸ ਰਾਸ਼ਟਰਪਤੀ ਭਵਨ ਤੱਕ, ਸਾਈਕਲ ਉੱਤੇ ਜਾਂਦਾ ਹੈ।

ਭਾਰਤ ਦੇ ਸਭ ਤੋਂ ਵੱਡੇ ਪ੍ਰਾਂਤ, ਉੱਤਰ ਪ੍ਰਦੇਸ਼ ਨੂੰ , ਅਖਿਲੇਸ਼ ਯਾਦਵ ਦੇ ਸਾਈਕਲ ਨੇ ਜਿੱਤ ਲਿਆ ਸੀ।

ਬਰਤਾਨੀਆ ਦਾ ਪ੍ਰਧਾਨ ਮੰਤਰੀ ਵਿਨਸਟਨ ਚਰਚਿਲ ਸਾਈਕਲ ਉਤੇ ਹੀ ਬਾਜ਼ਾਰ ਜਾਂਦਾ ਸੀ। ਸਾਈਕਲ ਉਤੇ ਜਾਣ ਆਉਣ ਵਾਲੇ ਇਹਨਾਂ ਵੱਡੇ ਆਗੂਆਂ ਨਾਲ ਬਾਡੀ



ਗਾਰਡਾਂ ਦੀਆਂ ਧਾੜਾਂ ਨਹੀਂ ਸਨ ਹੁੰਦੀਆਂ।

1953 ਵਿੱਚ ਮੈਂ ਆਪਣੇ ਪਿੰਡ ਨੌਸ਼ਹਿਰਾ ਪੰਨੂੰਆਂ ਤੋਂ ਅੱਠਵੀਂ ਜਮਾਤ ਪਾਸ ਕੀਤੀ। ਨੇੜੇ ਦੇ ਪਿੰਡ ਸਰਹਾਲੀ ਕਲਾਂ ਵਿੱਚ ਮੈਂ ਖਾਲਸਾ ਹਾਈ ਸਕੂਲ ਵਿੱਚ ਨੌਂਵੀਂ ਵਿੱਚ ਦਾਖਲਾ ਹੋਇਆ । ਮੇਰੇ ਪਿਤਾ ਨੇ ਸੌ ਰੁਪਏ ਦਾ ਹਿੰਦ ਸਾਈਕਲ ਖਰੀਦ ਕੇ ਮੈਨੂੰ ਦਿੱਤਾ। ਉਦੋਂ ਸਾਈਕਲ ਦੀ ਕੀਮਤ ਸੌ ਰੁਪਏ ਹੁੰਦੀ ਸੀ। ਮੇਰੇ ਤਾਏ ਦੇ ਪੁੱਤ ਭਰਾ, ਪਿਆਰਾ ਸਿੰਘ ਨੇ ਮੈਨੂੰ ਸਾਈਕਲ ਚਲਾਉਣਾ ਸਿਖਾਇਆ ਸੀ।

ਮੈਂ ਅਤੇ ਮੇਰੇ ਪਿੰਡ ਦੇ ਹੋਰ ਵਿਦਿਆਰਥੀ ਸਾਈਕਲ ਉੱਤੇ ਜਾ ਰਹੇ ਹੁੰਦੇ, ਮਾਸਟਰ ਇੰਦਰ ਸਿੰਘ ਸਰਹਾਲੀ ਕਲਾਂ ਤੋਂ ਸਾਡੇ ਪਿੰਡ ਦੇ ਮਿਡਲ ਸਕੂਲ ਲਈ ਸਾਈਕਲ ਉੱਤੇ ਆ ਰਿਹਾ ਹੁੰਦਾ। ਉਥੇ ਉਹ ਸੈਕਿੰਡ ਮਾਸਟਰ ਲੱਗਾ ਹੋਇਆ ਸੀ। ਮਾਸਟਰ ਦਲੀਪ ਸਿੰਘ ਨੌਸ਼ਹਿਰਾ ਪਨੂੰਆਂ ਤੋਂ ਸਾਈਕਲ ਉੱਤੇ ਹੀ, ਸਰਹਾਲੀ ਕਲਾਂ ਖਾਲਸਾ ਹਾਈ ਸਕੂਲ ਪੜ੍ਹਾਉਣ ਜਾ ਰਿਹਾ ਹੁੰਦਾ। ਜਦੋਂ ਮਾਸਟਰ ਦਲੀਪ ਸਿੰਘ ਸਾਡੇ ਨੇੜੇ ਪਹੁੰਚਦਾ, ਅਸੀਂ ਆਪਣੇ ਸਾਈਕਲ ਹੌਲੀ ਕਰ ਲੈਂਦੇ, ਸਾਰੇ ਰਲ ਕੇ ਇਕੋ ਆਵਾਜ਼ ਵਿੱਚ ਕਹਿੰਦੇ ਮਾਸਟਰ ਜੀ ਸਤਿ ਸ੍ਰੀ ਅਕਾਲ।

ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਕੱਚੇ ਤੌਰ ਉਤੇ ਡਿਸਟ੍ਰਿਕ ਬੋਰਡ ਦੇ ਪ੍ਰਾਇਮਰੀ ਸਕੂਲ ਝਾਮਕੇ (ਤਰਨ ਤਾਰਨ), ਆਧਿਆਪਕ ਲੱਗ ਗਿਆ। ਜਦੋਂ ਮੈਨੂੰ ਪਹਿਲੀ ਤਨਖ਼ਾਹ ਮਿਲੀ ਤਾਂ ਅੰਮ੍ਰਿਤਸਰ ਦੇ ਡਿਸਟ੍ਰਿਕ ਬੋਰਡ ਦੇ ਦਫ਼ਤਰ ਵਿੱਚੋਂ, ਛੇ ਮਹੀਨਿਆਂ ਦੀ ਤਨਖਾਹ ਚਾਰ ਸੌ ਵੀਹ ਰੁਪਏ (50 ਰੁਪਏ ਤਨਖਾਹ ਤੇ 20 ਰੁਪਏ ਡੀ.ਏ.) ਲੈ ਕੇ, ਮੈਂ ਸਾਈਕਲ ਉੱਤੇ ਹੀ 25 ਮੀਲ ਦੂਰ, ਆਪਣੇ ਪਿੰਡ ਪਹੁੰਚਿਆ। ਮੈਂ ਵਾਰ ਵਾਰ ਜੇਬ ਨੂੰ ਟੋਹ ਰਿਹਾ ਸਾਂ-ਮੇਰੀ ਜੇਬ ਵਿੱਚ ਵੱਡਾ ਖਜ਼ਾਨਾ ਸੀ।

ਮੈਂ ਏਅਰ ਫੋਰਸ ਸਟੇਸ਼ਨ ਆਦਮਰਪੁਰ ਦੁਆਬਾ ਤਾਇਨਾਤ ਸਾਂ। ਕਈ ਵਾਰ ਮੈਂ ਆਪਣੇ ਪਿੰਡ ਨੌਸ਼ਹਿਰਾ ਪਨੂੰਆਂ ਤੋਂ ਤਰਨ ਤਾਰਨ ਜੰਡਿਆਲਾ ਗੁਰੂ ਰਾਹੀਂ ਹੁੰਦਾ ਹੋਇਆ, ਜਲੰਧਰ ਤੇ ਫੇਰ ਅੱਗੇ ਹੁਸ਼ਿਆਰਪੁਰ ਰੋਡ ਉਤੇ ਸਥਿਤ, ਆਦਮਪੁਰ ਦੁਆਬਾ ਪਹੁੰਚਦਾ। ਕਰੀਬ 200 ਕਿਲੋਮੀਟਰ ਦਾ ਸਫ਼ਰ, ਮੈਂ ਸਾਈਕਲ ਉੱਤੇ ਪੰਜ ਘੰਟਿਆਂ ਵਿੱਚ ਤਹਿ ਕਰ ਲੈਂਦਾ ਸਾਂ। ਰਾਹ ਵਿੱਚ ਰੁਕਦਾ, ਸਾਹ ਲੈਂਦਾ ਸਾਂ- ਸਾਈਕਲ ਨੂੰ ਸਾਹ ਦਵਾਂਦਾ ਸਾਂ।

ਆਦਮਪੁਰ ਦੁਆਬਾ ਤੋਂ ਮੇਰੀ ਬਦਲੀ ਏਅਰ ਫੋਰਸ ਸਟੇਸ਼ਨ ਮਦਰਾਸ ਦੀ ਹੋ ਗਈ। ਮੈਂ ਆਪਣਾ ਸਾਈਕਲ ਖੁਰਦਪੁਰ ਰੇਲਵੇ ਸਟੇਸ਼ਨ ਤੋਂ ਤਾਂਮਬਰਮ ਮਦਰਾਸ ਲਈ ਬੁੱਕ ਕਰਾਇਆ। ਸਾਈਕਲ ਦੇ ਹੈਂਡਲ ਨਾਲ ਮੈਂ ਤਾਰਾਂ ਨਾਲ ਲੋਹੇ ਦੀ ਤਖਤੀ ਬੱਧੀ। ਤਖਤੀ ਉੱਤੇ ਅੱਖਰ ਪੇਂਟ ਕੀਤੇ ਹੋਏ ਸਨ,- ਐਲ.ਏ.ਸੀ, ਬੀ.ਐਸ. ਪੰਨੂੰ, ਨੰਬਰ 2 ਗਰਾਊਂਡ ਟਰੇਨਿੰਗ ਏਅਰ ਫੋਰਸ ਸਟੇਸ਼ਨ ਤਾਮਬਰਮ ਮਦਰਾਸ।

ਛੁੱਟੀ ਵਾਲੇ ਦਿਨ ਮੈਂ ਭਾਰਤੀ ਹਵਾਈ ਸੈਨਾ ਦੇ ਵਿਸ਼ਾਲ ਅੱਡੇ ਤੋਂ ਬਾਹਰ ਜਾਣ ਦਾ ਪਾਸ ਲੈ ਕੇ, ਆਪਣਾ ਸਾਈਕਲ ਤਾਂਮਬਰਮ ਟਰੈਮ ਦੇ ਸਟੇਸ਼ਨ ਸਟੈਂਡ ਉਤੇ ਲਾਉਂਦਾ, ਰੇਲ ਟਰੈਮ ਦੀ ਰਿਟਰਨ ਟਿਕਟ ਲੈਂਦਾ। ਟਰੈਮ ਦੀ ਵੀਹ ਪੱਚੀ ਸਟੇਸ਼ਨਾਂ ਵਿਚੋਂ ਕਿਸੇ ਉੱਤੇ

ਉਤਰਦਾ-ਘੁੰਮਦਾ ਤੇ ਵਾਪਸ ਟਰੈਮ ਸਟੇਸ਼ਨ ਉਤੇ ਆ ਕੇ, ਅਗਲੀ ਟਰੈਮ ਲੈ ਕੇ, ਅਗਲੇ ਸਟੇਸ਼ਨ ਉਤੇ ਉਤਰਦਾ ਜਾਂ ਬੀਚ (ਸਮੁੰਦਰੀ ਕਿਨਾਰੇ) ਆਖਰੀ ਸਟੇਸ਼ਨ ਉਤੇ ਉਤਰਦਾ, ਬੀਚ ਦੀ ਰੇਤ ਉਤੇ ਬੈਠ ਕੇ ਦੇਰ ਤੱਕ ਸਮੁੰਦਰੀ ਲਹਿਰਾਂ ਦਾ ਆਨੰਦ ਮਾਣਦਾ। ਸ਼ਾਮ ਨੂੰ ਵਾਪਸ ਆ ਕੇ, ਤਾਂਮਬਰਮ ਟਰੈਮ ਸਟੇਸ਼ਨ ਦੇ ਸਾਈਕਲ ਸਟੈਂਡ ਤੋਂ, ਆਪਣਾ ਸਾਈਕਲ ਲੈਂਦਾ ਤੇ ਵਾਪਸ ਹਵਾਈ ਸਟੇਸ਼ਨ ਆਪਣੀ ਨੇਤਾ ਜੀ ਲਾਈਨਜ਼ ਬੈਰਕ ਵਿੱਚ, ਆ ਜਾਂਦਾ।

ਮਦਰਾਸ ਤੋਂ ਮੇਰੀ ਬਦਲੀ ਭਾਰਤੀ ਹਵਾਈ ਸੈਨਾ ਦੇ ਵਿਸ਼ਾਲ ਸਟੇਸ਼ਨ ਆਗਰਾ ਵਿਖੇ, ਨੰਬਰ ਪੰਜ ਸਕਵਾਡਰਨ ਵਿੱਚ ਹੋ ਗਈ। ਮਦਰਾਸ ਸੈਂਟਰਲ ਰੇਲਵੇ ਸਟੇਸ਼ਨ ਤੋਂ ਮੈਂ ਆਪਣਾ ਸਾਈਕਲ ਆਗਰਾ ਲਈ ਬੁੱਕ ਕੀਤਾ। ਸਾਈਕਲ ਦੇ ਹੈਂਡਲ ਉੱਤੇ ਲੋਹੇ ਦੀ ਪਲੇਟ ਬੱਧੀ ਪਲੇਟ ਉਪਰ ਲਿਖਿਆ ਸੀ-ਕਾਰਪੋਰਲ ਬੀ.ਐਸ. ਪੰਨੂੰ, 221933, ਏਅਰ ਫੋਰਸਸ ਟੇਸ਼ਨ ਆਗਰਾ।

ਬੰਗਲੀ ਮਿੱਤਰ ਰਾਏ ਚੌਧਰੀ ਪਾਸ ਸਾਈਕਲ ਸੀ, ਨਾਸਿਕ ਤੋਂ ਮਰਾਠੀ ਸਾਥੀ ਆਈ.ਪੀ. ਪਾਟਿਲ ਪਾਸ ਵੀ ਸਾਈਕਲ ਤੇ ਮੇਰੇ ਪਾਸ ਵੀ ਸਾਈਕਲ ਸੀ। ਅਸੀਂ ਤਿੰਨੇ ਮੁਖਰਜੀ ਲਾਈਜ਼ ਬੈਰਕ ਵਿਚ ਰਹਿੰਦੇ ਸਾਂ।ਐਤਵਰ ਜਾਂ ਕਿਸੇ ਹੋਰ ਛੁੱਟੀ ਵਾਲੇ ਦਿਨ,ਅਸੀਂ ਆਪਣੇ ਆਪਣੇ ਸਾਈਕਲ ਕੱਢਦੇ। ਆਊਟ ਪਾਸ ਲੈਂਦੇ ਤੇ ਸ਼ਾਹਗੰਜ, ਰਾਹੀਂ ਮੁਗਲ ਗਾਰਡਨਜ਼ ਵਿੱਚੋਂ ਹੁੰਦੇ ਹੋਏ ਤਾਜ ਮਹਿਲ ਪਹੁੰਚ ਜਾਂਦੇ। ਸਾਈਕਲਾਂ ਨੂੰ ਤਾਲੇ ਮਾਰਦੇ, ਤਾਜ ਮਹਿਲ ਦੇ ਅਹਾਤੇ ਵਿੱਚ ਦਾਖਲ ਹੋ ਜਾਂਦੇ। ਉਦੋਂ ਹਾਲਾਤ ਵਧੀਆ ਸਨ। ਕੋਈ ਸਕਿਊਰਿਟੀ ਨਹੀਂ ਸੀ-ਕੋਈ ਟਿਕਟ ਲੈਣ ਦੀ ਲੋੜ ਨਹੀਂ ਸੀ।

ਮੇਰੀ ਬਦਲੀ ਵਨ ਏਅਰਵਿੰਗ ਸਿਰੀ ਨਗਰ ਦੀ ਹੋ ਗਈ।ਉਥੇ ਮੈਂ ਆਪਣਾ ਸਾਈਕਲ ਨਾਲ ਨਹੀਂ ਸਾਂ ਲੈ ਜਾ ਸਕਦਾ ਕਿਉਂਕਿ ਸਿਰੀ ਨਗਰ ਹਵਾਈ ਜਹਾਜ਼ ਰਾਹੀਂ ਪਹੁੰਚਣਾ ਸੀ।

ਸਿਰੀ ਨਗਰ ਤੋਂ ਮੇਰੀ ਬਦਲੀ ਜੰਮੂ ਦੀ ਹੋ ਗਈ। ਮੈਂ ਆਪਣਾ ਸਾਈਕਲ ਪਿੰਡੋਂ, ਬੱਸ ਦੀ ਛੱਤ ਉੱਤੇ ਰੱਖ ਕੇ, ਜੰਮੂ ਲੈ ਆਂਦਾ। ਜੰਮੂ ਸਤਵਾਰੀ ਏਅਰਫੋਰਸ ਸਟੇਸ਼ਨ ਵਿਖੇ ਅਸੀਂ ਰਹਿੰਦੇ ਸਾਂ। ਮੈਂ ਤੇ ਰਛਪਾਲ ਸਿੰਘ ਅਰਸ਼ੀ ਆਪਣੇ ਆਪਣੇ ਸਾਈਕਲ ਕੱਢਦੇ, ਰੈਜੀਡੈਂਸੀ ਰੋਡ, ਰਘੂਨਾਥ ਬਾਜ਼ਾਰ ਤੇ ਕਦੀ ਸਦਰ ਬਾਜ਼ਾਰ ਘੁੰਮਣ ਜਾਂਦੇ ਸਾਂ।

ਨਿਰੰਤਰ ਤੋਰ ਦਾ ਨਾਮ ਹੀ ਜਿੰਦਗੀ ਹੈ। ਪਾਣੀ ਤੁਰਦੇ ਹਨ। ਪੰਛੀ ਉੱਡਦੇ ਹਨ। ਹਵਾਵਾਂ ਰੁਮਕਦੀਆਂ ਹਨ। ਵਗਦੀ ਨਦੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਤਰਦੀਆਂ ਹਨ। ਕਾਫ਼ਲੇ ਤੁਰਦੇ ਹਨ। ਮੇਰਾ ਸਾਈਕਲ ਤੁਰਦਾ ਹੈ। ਮੈਂ ਤੁਰਦਾ ਹਾਂ। ਮੈਂ ਤੇ ਮੇਰਾ ਸਾਈਕਲ

ਜਿੰਨਾਂ ਚਿਰ ਮੇਰੀ ਪਤਨੀ ਜਿਊਂਦੀ ਰਹੀ, ਉਹ ਹਮੇਸ਼ਾ ਲਵੇਰੀ ਮੱਝ ਰੱਖਦੀ ਸੀ। ਮੇਰੀ ਪਤਨੀ ਮੱਝ ਦੇ ਸਿੰਗਾਂ ਨੂੰ ਰੱਖੜੀ ਬੰਨ੍ਹਦੀ ਹੁੰਦੀ ਸੀ। ਰੱਖੜੀ ਵਾਲੇ ਦਿਨ ਮੇਰੇ ਸਾਈਕਲ ਦੇ ਹੈਂਡਲ ਨੂੰ ਵੀ ਰੱਖੜੀ ਬੰਨ੍ਹਦੀ ਹੁੰਦੀ ਸੀ।



ਤੇ ਫੇਰ ਮੈਂ ਭਾਰਤੀ ਹਵਾਈ ਸੈਨਾ ਵਿਚੋਂ ਰੀਜ਼ਰਵ ਬਾਹਰ ਆ ਗਿਆ। ਆਪਣੇ ਮਨਪਸੰਦ ਅਧਿਆਪਨ ਦੇ ਕਿੱਤੇ ਵਿੱਚ ਆ ਗਿਆ। ਖਾਲਸਾ ਹਾਇਰ ਸੈਕੰਡਰੀ ਸਕੂਲ ਗੁਰਦਾਸਪੁਰ ਵਿਖੇ ਨਾਗਰਿਕ ਸ਼ਾਸਤਰ ਦਾ ਅਧਿਆਪਕ ਲੱਗ ਗਿਆ। ਸਾਈਕਲ ਮੇਰੇ ਨਾਲ ਨਾਲ ਰਿਹਾ।

ਤਿੰਨ ਦਹਾਕੇ ਤੋਂ ਵੱਧ ਸਮਾਂ ਮੈਂ ਸਮਰਾਲਾ ਕਾਲਜ ਵਿਖੇ ਪੜ੍ਹਾਇਆ। ਘਰ ਤੋਂ ਚਾਰ ਮੀਲ ਦੂਰ, ਮੈਂ ਸਾਈਕਲ ਉੱਤੇ ਹੀ ਕਾਲਜ ਜਾਂਦਾ ਆਉਂਦਾ ਸਾਂ। ਬਾਕੀ ਪ੍ਰੋਫੈਸਰਾਂ ਨੇ ਹੌਲੀ ਹੌਲੀ ਸਕੂਟਰ, ਮੋਟਰਸਾਈਕਲ ਖਰੀਦ ਲਏ। ਮੇਰੇ ਪਾਸ ਸਾਈਕਲ ਹੀ ਰਿਹਾ। ਹੌਲੀ-ਹੌਲੀ ਬਹੁਤੇ ਵਿਦਿਆਰਥੀ ਵੀ ਮੋਟਰ ਸਾਈਕਲ, ਸਕੂਟਰਾਂ ਉਤੇ ਆਉਣ ਲੱਗੇ। ਪਰ ਮੇਰੀ ਸਵਾਰੀ ਸਾਈਕਲ ਹੀ ਰਿਹਾ।

ਸਵੇਰੇ ਮੈਂ ਸੈਰ ਕਰਨ ਜਾਣ ਲੱਗਾ, ਆਪਣੇ ਸਾਈਕਲ ਦਾ ਹਾਲ ਚਾਲ ਪੁੱਛਦਾ ਸਾਂ। ਹਵਾ ਚੈਕ ਕਰਦਾ। ਤਾਂ ਕਿ ਕਾਲਜ ਜਾਣ ਲੱਗਿਆਂ ਕਿਤੇ ਸਾਈਕਲ ਮੈਨੂੰ ਬੀਮਾਰ ਹਾਲਤ ਵਿੱਚ ਨਾ ਮਿਲੇ।

ਕਈਵਾਰ ਮੇਰੇ ਸਾਈਕਲ ਨੇ ਮੈਨੂੰ ਵਕਤ ਸਿਰ, ਮੁਰੰਮਤ ਕਰਵਾਉਣ ਦੀ, ਟਾਇਰ ਟਿਊਬ ਬਦਲਣ ਦੀ, ਚਿਤਾਵਨੀ ਤਾਂ ਦਿੱਤੀ। ਪਰ ਕਦੀ ਧੋਖਾ ਨਹੀਂ ਸੀ ਦਿੱਤਾ।

ਮੈਂ ਵੀਹ ਸਾਲ ਕਾਲਜ ਸਾਈਕਲ ਉਤੇ ਆਉਂਦਾ ਜਾਂਦਾ ਰਿਹਾ।

ਮੇਰੀ ਸਿਹਤ ਠੀਕ ਠਾਕ ਰਹੀ। ਮੇਰਾ ਭਾਰ ਬੇਲੋੜਾ ਨਹੀਂ ਵਧਿਆ। ਪੇਟ ਕਮੀਜ਼ੋਂ ਬਾਹਰ ਨਹੀਂ ਆਇਆ। ਕੋਈ ਬਿਮਾਰੀ ਨੇੜੇ ਨਹੀਂ ਆਈ। ਬੀ.ਪੀ, ਸ਼ੂਗਰ, ਕੈਸਟਰੋਲ ਠੀਕ ਠਾਕ ਰਹੇ।

ਰਿਸ਼ਤੇਦਾਰ, ਦੋਸਤ, ਮਿੱਤਰ ਕਾਫ਼ੀ ਦੇਰ ਤੋਂ ਜ਼ੋਰ ਪਾ ਰਹੇ ਸਨ। ਬੇਟੇ ਨੇ ਪੁਰਾਣੀ ਫੌਜੀ ਜੀਪ ਖਰੀਦ ਲਈ। ਮੋਗਾ ਤੋਂ ਜੀਪ ਦੀ ਹਾਲਤ ਠੀਕ ਠਾਕ ਕਰਵਾ ਲਈ। ਮੇਰੇ ਉਤੇ ਹੋਰ ਵੀ ਜ਼ੋਰ ਪੈਣ ਲੱਗਾ। ਤਨਖ਼ਾਹ ਬਹੁਤ ਹੈ। ਖਾਣਾ ਪੀਣਾ ਸਾਧਾਰਨ ਹੈ। ਵਾਧੂ ਖਰਚ ਕੋਈ ਹੈ ਨਹੀਂ। ਫੇਰ ਸਕੂਟਰ ਕਿਉਂ ਨਹੀਂ।

ਤੇ ਫੇਰ ਮੈਂ ਸਕੂਟਰ ਖਰੀਦ ਲਿਆ।

ਕਰੀਬ ਗਿਆਰਾਂ ਸਾਲ ਮੈਂ ਸਕੂਟਰ ਉਤੇ ਕਾਲਜ ਜਾਂਦਾ ਰਿਹਾ।

ਹੌਲੀ ਹੌਲੀ ਸਿਰ ਦੇ, ਦਾਹੜੀ ਦੇ ਕੇਸ ਚਿੱਟੇ ਹੋ ਗਏ। ਅੱਖਾਂ ਦੀ ਨਜ਼ਰ ਕਮਜ਼ੋਰ ਹੁੰਦੀ ਗਈ। ਮੈਨੂੰ ਦੋਹਾਂ ਅੱਖਾਂ ਵਿੱਚ ਲੈਨਜ਼ ਪਵਾਉਣੇ ਪਏ। ਗੋਡਿਆਂ ਵਿੱਚ ਦਰਦ ਰਹਿਣ ਲੱਗਾ। ਲੁਧਿਆਣਾ ਦੇ ਡਾ. ਰਮੇਸ਼ ਨੇ ਕਿਹਾ ਮੈਂ ਹੋਰ ਸੈਰ ਕਰਿਆਂ ਕਰਾਂ। ਸਾਈਕਲ ਚਲਾਇਆ ਕਰਾਂ। ਸਾਈਕਲ ਹਲਕੀ ਵਰਜ਼ਿਸ਼ ਹੈ। ਮਨੀਮਾਜਰਾ ਦੇ ਡਾ. ਚੋਪੜਾ ਨੇ ਚੈਕਅਪ ਦੌਰਾਨ ਮੈਨੂੰ ਦੱਸਿਆ ਕਿ ਮੇਰੀ ਸ਼ੂਗਰ ਬਹੁਤ ਵੱਧ ਗਈ ਹੈ। ਸਾਈਕਲ ਚਲਾਓ।

ਕਾਲਜ ਵਿਚੋਂ ਸੇਵਾ ਮੁਕਤ ਹੋਣ ਤੋਂ ਬਾਅਦ ਮੈਂ ਸਕੂਟਰ ਚਲਾਉਣਾ ਛੱਡ ਦਿੱਤਾ। ਸਾਈਕਲ ਵਰਤਣਾ ਸ਼ੁਰੂ ਕਰ ਦਿੱਤਾ। ਅਸਲ ਵਿੱਚ ਸਾਈਕਲ ਕਦੀ ਵੀ ਮੇਰੇ ਤੋਂ ਦੂਰ ਨਹੀਂ ਸੀ ਹੋਇਆ।

ਸੜਕਾਂ ਪੁਰਾਣੀਆਂ ਤੇ ਤੰਗ ਹਨ। ਦੋ ਪਹੀਆ, ਚਾਰ ਪਹੀਆ ਵਾਹਨ ਕਈ ਗੁਣਾਂ ਵੱਧ ਗਏ ਹਨ। ਦੁਰਘਟਨਾਵਾਂ ਕਈ ਗੁਣਾ ਵੱਧ ਗਈਆਂ ਹਨ। ਹਰ ਮਿੰਟ ਪਿੱਛੋਂ ਸੜਕਾਂ ਦੁਰਘਟਨਾ ਵਿੱਚ, ਇਕ ਵਿਅਕਤੀ ਦੀ ਮੌਤ ਹੋ ਜਾਂਦੀ ਹੈ। ਸਾਲਾਨਾ 1.35 ਲੱਖ ਮੌਤਾਂ ਸੜਕ ਦੁਰਘਟਨਾਵਾਂ ਕਰਕੇ ਵਾਪਰਦੀਆਂ ਹਨ। ਕਈ ਦੇਸ਼ਾਂ ਵਿੱਚ ਸੜਕਾਂ ਉਤੇ ਸਾਈਕਲ ਸਵਾਰਾਂ ਲਈ ਵੱਖਰੀ ਤੇ ਰਾਖਵੀਂ ਪਟੜੀ ਹੁੰਦੀ ਹੈ। ਹੁਣ ਮੈਂ ਸ਼ਹਿਰ ਵਿੱਚ, ਸੜਕ ਪਾਰ ਕਰਨ ਲੱਗਿਆਂ ਸਾਈਕਲ ਤੋਂ ਉੱਤਰ ਜਾਂਦਾ ਹਾਂ। ਸਾਈਕਲ ਰੇੜ੍ਹ ਕੇ, ਆਸਾ ਪਾਸਾ ਵੇਖ ਕੇ, ਹੌਲੀ ਹੌਲੀ ਸੜਕ ਪਾਰ ਕਰਦਾ ਹਾਂ।

ਵਾਤਾਵਰਣ ਤੇ ਧਰਤੀ ਦੀ ਤਪਸ਼ ਘੱਟ ਕਰਨ ਬਾਰੇ, ਸੰਸਾਰ ਸੰਮੇਲਨ ਹੋ ਰਹੇ ਹਨ- ਸਵੀਡਨ ਦੇ ਸ਼ਹਿਰ ਕੋਪਨਹੇਗਨ ਤੇ ਫੇਰ ਦੱਖਣੀ ਅਫ਼ਰੀਕਾ ਦੇ ਸ਼ਹਿਰ ਡਰਬਨ ਵਿੱਚ, ਐਸੇ ਸੰਸਾਰ ਸੰਮੇਲਨ ਹੋਏ। ਨਾਅਰਾ ਹੁੰਦਾ ਹੈ-ਕਾਰਬਨ ਨਿਕਾਸੀ ਘਟਾਓ, ਵਾਤਾਵਰਨ ਬਚਾਓ। ਸਿਹਤ ਬਣਾਓ-ਸਾਈਕਲ ਚਲਾਓ।

ਸਾਡੇ ਦੇਸ਼ ਦੇ ਆਗੂ ਕਦੀ ਕਦੀ ਤੇਲ ਬਚਾਉਣ, ਪ੍ਰਦੂਸ਼ਣ ਘਟਾਉਣ ਤੇ ਸਾਈਕਲ ਚਲਾਉਣ ਦੀ ਗੱਲ ਕਰਦੇ ਹਨ। ਮੀਡੀਆ ਨੂੰ ਬੁਲਾ ਕੇ ਉਹ ਤੇਲ ਬਚਾਉਣ ਦਾ ਨਾਅਰਾ ਲਾਉਂਦੇ ਹੋਏ, ਸਾਈਕਲ ਉੱਤੇ ਚਲਦੇ ਹਨ-ਅੱਗੇ ਪਿੱਛੇ, ਆਸੇ-ਪਾਸੇ ਉਹਨਾਂ ਦੇ ਸੁਰੱਖਿਆ ਗਾਰਡਾਂ ਦੀਆਂ ਜੀਪਾਂ, ਮੋਟਰਸਾਈਕਲਾਂ ਦੀਆਂ ਡਾਰਾਂ ਹੌਲੀ ਹੌਲੀ ਦੌੜਦੀਆਂ ਹਨ। ਆਗੂ ਸਾਈਕਲ ਉੱਤੇ ਚੱਲਦਾ ਹੈ, ਆਸੇ ਪਾਸੇ ਦਰਜਨਾਂ ਗੱਡੀਆਂ ਸੁਰੱਖਿਆ ਗੱਡੀਆਂ ਚੱਲਦੀਆਂ ਹਨ, ਤੇਲ ਬਚਦਾ ਹੈ?

ਸਾਈਕਲ ਚਲਾਉਣ ਨਾਲ ਪੈਸੇ ਦੇ ਹੀ ਬੱਚਤ ਨਹੀਂ, ਵਾਤਾਵਰਨ ਵਿੱਚ ਪ੍ਰਦੂਸ਼ਣ ਵੀ ਘੱਟ ਫੈਲਦਾ ਹੈ। ਤਣਾਓ ਘੱਟਦਾ ਹੈ। ਚਿਹਰੇ ਦੀ ਚਮਕ ਵੱਧਦੀ ਹੈ, ਅਖਾਂ ਦੀ ਰੌਸ਼ਨੀ ਸਥਿਰ ਰਹਿੰਦੀ ਹੈ। ਸ਼ੋਰ ਨਹੀਂ ਧੂਆਂ ਨਹੀਂ ਚੌਗਿਰਦਾ ਸਾਫ਼ ਸੁਥਰਾ ਰਹਿੰਦਾ ਹੈ।

ਪਰਸਾਰ ਮਾਧਿਆਮ ਉੱਤੇ ਸਾਈਕਲ ਦੀ ਵੱਧ ਤੋਂ ਵੱਧ ਵਰਤੋਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਬੱਚਿਆਂ, ਬੁੱਢਿਆਂ, ਅਧਖੜ ਔਰਤਾਂ ਦੇ ਸਾਈਕਲ ਦੌੜ ਮੁਕਾਬਲੇ, ਹਰ ਸ਼ਹਿਰ-ਪਿੰਡ ਵਿੱਚ ਹੋਣਾ ਚਾਹੀਦੇ ਹਨ। ਸਾਈਕਲ ਮਾਰਚਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਮਰੱਥਵਾਨਾ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਉਹ ਲੋੜਵੰਦਾਂ ਨੂੰ ਸਾਈਕਲ ਦਾਨ ਕਰਨ। ਪਰ ਸਾਈਕਲ ਦੀ ਟੋਕਰੀ ਉੱਤੇ ਆਪਣੀ ਫੋਟੋ-ਤਖਤੀ ਮੜ੍ਹ ਕੇ ਨਹੀਂ। ਸਰਕਾਰੀ ਖਰਚ ਉਤੇ ਹਉਮੈਂ ਨੂੰ ਪੱਠੇ ਨਾ ਪਾਉਣ।

ਮੇਰੇ ਪਾਸੋਂ ਹੁਣ ਤੇਜ਼ ਤੁਰਿਆ ਨਹੀਂ ਜਾਂਦਾ। ਸਾਈਕਲ ਹਾਲੀ ਵੀ ਮੈਨੂੰ ਸਹਾਰਾ ਦੇ ਕੇ ਮਿੱਤਰਾਂ ਦੇ ਘਰ ਜਾਂ ਕਿਸੇ ਜਨ-ਸੰਮੇਲਨ ਵਾਲੀ ਥਾਂ, ਲੈ ਜਾਂਦਾ ਹੈ। ਜਿਉਂਦਾ ਰਹੇ ਮੇਰਾ ਸਾਈਕਲ।

**ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ**-141114
**ਮੋਬਾ.** 94638-08697

◆◆◆



# ਸੰਪਾਦਕ ਬਣਨ ਦਾ ਸੁਆਦ ਲਓਂਗੇ!

**ਸੁਖਮਿੰਦਰ ਸੇਖੋਂ (ਡਾ.)**

ਲੇਖਕ ਬਣ ਕੇ ਦੇਖ ਲਿਆ। ਕੋਈ ਖਾਸ ਫਾਇਦਾ ਨਹੀਂ ਨਿਕਲਿਆ। ਪਹਿਲਾਂ ਸ਼ਿੱਦਤ ਨਾਲ ਸੋਚੋ, ਫੇਰ ਲਿਖੋ, ਮਗਰੋ ਤੇ ਫਿਰ ਕੋਈ ਛਪਣ ਛਪਵਾਉਣ ਦਾ ਜੁਗਾੜ ਫਿੱਟ ਕਰੋ। ਰਚਨਾ ਜੇਕਰ ਛਪ ਜਾਵੇ ਤਾਂ ਵਾਹ ਭਲੀ, ਨਹੀਂ ਬੇਰੰਗ ਡਾਕ ਵਾਂਗ ਪਰਤ ਤਾਂ ਆਵੇਗੀ ਹੀ। ਜੇਕਰ ਨਾ ਵੀ ਪਰਤੇ ਤਾਂ ਕੁੱਤੇ ਝਾਕ ਰੱਖੋ ਕਿ ਅੱਜ ਛਪੀ ਕਿ ਕੱਲ੍ਹ। ਇਸ ਤਰ੍ਹਾਂ ਕੱਲ੍ਹ ਪਰਸੋਂ ਕਰਦਿਆਂ ਕਈ ਮਹੀਨੇ, ਵਰ੍ਹੇ ਨਿਕਲ ਜਾਣਗੇ, ਪ੍ਰੰਤੂ ਰਚਨਾ ਦਾ ਕੋਈ ਥਹੁ ਪਤਾ ਨਹੀਂ ਲੱਗੇਗਾ। ਤੇ ਜਿਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਛਪਣ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ ਤਾਂ ਉਹ ਲੇਖਕ ਪੱਲਿਓਂ ਚੋਖੀ ਰਕਮ ਖਰਚ ਕੇ ਪ੍ਰਕਾਸ਼ਕਾਂ ਦੇ ਹਾੜੇ ਕੱਢ ਕੇ ਆਪਣੀਆਂ ਕਿਤਾਬਾਂ ਛਪਵਾਉਣ ਦੇ ਕੱਚੇ ਰਸਤੇ ਪੈ ਜਾਂਦੇ ਹਨ ਤੇ ਇਸ ਤਰ੍ਹਾਂ ਕੱਚੀਆਂ ਪਿੱਲੀਆਂ ਕਿਤਾਬਾਂ ਮਾਰਕੀਟ (?) ਵਿਚ ਕੋਈ ਕੁਲਚੇ ਛੋਲਿਆਂ ਦੇ ਭਾਅ ਵੀ ਨਹੀਂ ਜੋ ਸਿਆਣਦਾ।

ਹੁਣ ਤੁਸੀਂ ਹੀ ਫੈਸਲਾ ਕਰਿਓ ਮੇਰੀ ਸਕੀ ਮਾਸੀ ਦੇ ਪੁੱਤਰੋ! ਕਿ ਲੇਖਕ ਬਣਨ ਦਾ ਭੂਤ ਤੁਹਾਡੇ ਸਿਰ 'ਤੇ ਹਮੇਸ਼ਾ ਕਿਉਂ ਸਵਾਰ ਰਹਿੰਦਾ ਹੈ? ਜੇਕਰ ਬਣਨਾ ਹੀ ਹੈ ਤਾਂ ਕਿਸੇ ਅਖ਼ਬਾਰ ਰਿਸਾਲੇ ਦੇ ਸੰਪਾਦਕ ਬਣੋ। ਪ੍ਰੰਤੂ ਸੰਪਾਦਕ ਬਣਨਾ ਕਿਹੜਾ ਸੌਖਾ ਕੰਮ ਜੇ, ਕਿਸੇ ਚੰਗੇ ਅਖ਼ਬਾਰ ਰਿਸਾਲੇ ਦੇ ਸੰਪਾਦਕ ਬਣਨ ਲਈ ਢੇਰ ਯੋਗਤਾਵਾਂ ਚਾਹੀਦੀਆਂ ਹਨ ਤੇ ਭਰਵੀਂ ਲਿਆਕਤ ਵੀ। ਤਜਰਬਾ ਵੱਖਰਾ ਚਾਹੀਦਾ ਹੈ। ਤੁਹਾਡੇ ਪੱਤਰਕਾਰੀ ਜਾਂ ਸਾਹਿਤਕ ਖੇਤਰ ਵਿੱਚ ਨਾਮ ਦਾ ਸਿੱਕਾ ਵੀ ਇਕ ਜ਼ਰੂਰੀ ਸ਼ਰਤ ਹੈ। ਹੁਣ ਤੁਸੀਂ ਹੀ ਦੱਸਿਓ ਤੇ ਵਿਚਾਰਿਓ ਕਿ ਲੇਖਕ ਵਿਚਾਰਾ ਕਿਸਦੀ ਮਾਂ ਨੂੰ ਮਾਸੀ ਆਖੇ? ਪ੍ਰੰਤੂ ਸੰਪਾਦਕ ਤਾਂ ਆਖਰ ਬਣਨਾ ਹੀ ਹੋਇਆ। ਇਸ ਬਣਨ ਦੇ ਫੈਸਲੇ ਨੂੰ ਕੋਈ ਮਾਈ ਦਾ ਲਾਲ ਨਹੀਂ ਜੇ ਰੋਕ ਸਕਦਾ। ਪ੍ਰੰਤੂ ਰੁਕਾਵਟ ਹੈ ਤੇ ਵੱਡੀ ਰੁਕਾਵਟ ਹੈ ਕਿ ਉਹ ਕਿਸੇ ਉਤਮ ਅਖ਼ਬਾਰ ਜਾਂ ਰਿਸਾਲੇ ਦਾ ਸੰਪਾਦਕ ਕਿਵੇਂ ਬਣੇ।

ਅਖੀਰ ਆਪਣੀ ਮਹਾਂ-ਬੁੱਧੀ ਨਾਲ ਸੰਵਾਦ ਰਚਾਉਂਦਿਆਂ ਫ਼ੈਸਲਾ ਹੋਇਆ ਕਿ ਅਸੀਂ ਜੇਕਰ ਬੇਹਤਰ ਲੇਖਕ ਸਾਬਿਤ ਨਹੀਂ ਹੋਏ, ਭਾਵ ਆਪਣੀ ਕੋਈ ਰਚਨਾ ਕਿਸੇ ਅਖ਼ਬਾਰ ਰਿਸਾਲੇ ਵਿੱਚ ਛਪਵਾ ਕੇ ਚਰਚਾ ਨਹੀਂ ਕਰਵਾ ਸਕੇ ਤਾਂ ਆਪਣਾ ਕੋਈ ਅਖ਼ਬਾਰ ਰਸਾਲਾ ਤਾਂ ਕੱਢ ਹੀ ਸਕਦੇ ਹਾਂ। ਦੈਨਿਕ ਅਖ਼ਬਾਰ ਦਾ ਫੈਸਲਾ ਤਾਂ ਸਾਨੂੰ ਤਿਆਗਣਾ ਹੀ ਪਿਆ ਚੂੰਕਿ ਇਸ ਲਈ ਵੱਡੇ ਸਰਮਾਏ ਦੀ ਲੋੜ ਹੁੰਦੀ ਹੈ। ਜਿੱਥੋਂ ਤੱਕ ਸਪਤਾਹਿਕ ਜਾਂ ਪੰਦਰਵਾੜੇ ਦਾ ਸਵਾਲ ਹੈ ਇਨ੍ਹਾਂ ਦਾ ਤਾਂ ਪਹਿਲਾਂ ਹੀ ਸਰਿਆ ਪਿਆ ਹੈ। ਇਕ ਦੁਵਰਕੀ ਜਿਹੀ ਕੱਢ ਕੇ ਤੇ ਚਾਰ ਪੰਜ ਇੱਕੀ ਦੁੱਕੀ ਦੇ ਸੰਦੇਸ਼ ਤੇ ਇਸ਼ਤਿਹਾਰ ਜਿਹੇ ਛਾਪ ਕੇ ਹੀ ਇਹ ਆਪਣੇ ਆਪ ਨੂੰ ਖੱਬੀ-ਖਾਂ ਸੰਪਾਦਕ ਤੇ ਮਾਲਕ ਹੋਣ ਦਾ ਭਰਮ ਪਾਲੀ ਬੈਠੇ ਹਨ। ਉਂਝ ਕਈ ਚੁਵਰਕੀ ਦੈਨਿਕ ਦਾ ਵੀ ਹਾਲ ਦੱਸਣ-ਯੋਗ ਨਹੀਂ ਬਣਦਾ।

ਅੰਤ ਸਾਡੀ ਸੁਹਿਰਦ ਤੇ ਪਵਿੱਤਰ ਸੋਚ ਨੇ ਫ਼ੈਸਲਾ ਸੁਣਾਇਆ, "ਕਾਕਾ ਸੁਖਨਪਾਲ ਸਹਿਜ ਪਾਲ ਜੀ! ਤੁਸੀਂ ਇੱਕ ਸਾਹਿਤਕ ਰਸਾਲਾ ਕੱਢੋ, ਜਿਸ ਵਿੱਚ ਵੰਨ ਸੁਵੰਨੀਆਂ ਸਾਹਿਤਕ ਰਚਨਾਵਾਂ ਹੋਣ, ਮਸਲਨ-ਕਵਿਤਾਵਾਂ, ਗਜ਼ਲਾਂ, ਕਹਾਣੀਆਂ, ਵਿਅੰਗ ਤੇ ਮਿੰਨੀ ਕਹਾਣੀਆਂ। ਵਿਅੰਗ ਇਸ ਲਈ ਚੂੰਕਿ ਵਿਅੰਗ ਲਿਖਾਰੀਆਂ ਦੇ ਪਿੜ ਪੱਲੇ ਤਾਂ ਕੁਝ ਨਹੀਂ, ਬਸ ਕੁਝ ਇਕ ਚੰਗੇ ਵਿਅੰਗ ਹੀ ਉਨ੍ਹਾਂ ਦੀ ਹੋਂਦ ਦੀ ਜਾਮਨੀ ਭਰਦੇ ਹਨ। ਮਿੰਨੀ ਕਹਾਣੀਆਂ ਇਸ ਲਈ ਜ਼ਰੂਰੀ ਬਣਦੀਆਂ ਹਨ ਕਿਉਂਕਿ ਹੇੜਾਂ ਦੀਆਂ ਹੇੜਾਂ ਰਾਤੋ ਰਾਤ ਸਟਾਰ ਬਣਨ ਲਈ ਇਸ ਦੇ ਮੋਕਲੇ ਮੈਦਾਨ ਵਿੱਚ ਪ੍ਰਵੇਸ਼ ਕਰ ਰਹੀਆਂ ਹਨ। ਉਂਝ ਇਹ ਗੱਲ ਪੱਥਰ ਵਾਂਗ ਪੱਕੀ ਹੈ ਕਿ ਪੱਕੇ ਲੇਖਕ ਹੀ ਪੱਕੀ ਮਿੰਨੀ ਕਹਾਣੀ ਲਿਖਣ ਦੇ ਸਮਰੱਥ ਹੁੰਦੇ ਹਨ, ਬਾਕੀ ਤਾਂ ਉਂਝ ਹੀ ਧੂੜ ਵਿੱਚ ਟੱਟੂ ਭਜਾਈ ਰੱਖਦੇ ਹਨ।

ਕਵਿਤਾ ਛਾਪਣੀ ਵੀ ਲਾਜ਼ਮੀ ਹੋਵੇਗੀ ਕਿਉਂਕਿ ਕਵੀ ਦਰਬਾਰਾਂ ਵਿਚ ਰੁਲਦੇ ਬਹੁਤੇ ਕਵੀ ਖੁੱਲ੍ਹੀ ਜਾਂ ਬੰਦ ਕਵਿਤਾ ਦੀ ਧੌਂਸ ਦਿਖਾਉਂਦੇ ਬੜ੍ਹਕਾਂ ਮਾਰਨ ਜੋਗੇ ਹੀ ਹਨ, ਉਨ੍ਹਾਂ ਦੀਆਂ ਕਵਿਤਾਵਾਂ ਜਾਂ ਗ਼ਜ਼ਲਾਂ ਵਿਚੋਂ ਆਮ ਪਾਠਕ ਜਾਂ ਸਰੋਤੇ ਨੂੰ ਲੱਭਦਾ ਲੁਭਾਉਂਦਾ ਕੁਝ ਨਹੀਂ। ਤਦੇ ਤਾਂ ਇਹ ਆਮ ਬੰਦਿਆਂ ਵਿੱਚ ਪ੍ਰਚੱਲਤ ਧਾਰਨਾ ਬਣ ਚੁੱਕੀ ਹੈ ਕਿ ਕਵੀ ਹੀ ਕਵੀ ਨੂੰ ਪੜ੍ਹਦੇ ਜਾਂ ਸੁਣਦੇ ਹਨ। ਦੂਸਰਾ ਤਾਂ ਉਨ੍ਹਾਂ ਵੰਨੀ ਚੱਜ ਨਾਲ ਕਦੇ ਝਾਕਣਾ ਵੀ ਗਵਾਰਾ ਨਹੀਂ ਜੇ ਸਮਝਦਾ। ਉਂਝ ਦੇਖਿਆ ਜਾਵੇ ਕਵੀ ਵੀ ਦੂਸਰੇ ਕਵੀ ਦੀ ਰਚਨਾ ਆਪਣੇ ਸੱਚੇ ਮਨੋਂ ਕਦੇ ਨਹੀਂ ਸੁਣਦੇ ਸਿਰਫ਼ ਹਾਂਅ ਹੂੰਅ ਜਾਂ ਫੋਕੀ ਵਾਹ ਵਾਹ ਕਰੀ ਜਾਣਗੇ।

ਇਹ ਤਾਂ ਬਾਬਿਓ ਕਹਾਣੀ ਕਿਸੇ ਹੋਰ ਹੀ ਪਾਸੇ ਕਰਵਟ ਲੈ ਗਈ। ਆਪਾਂ ਉਂਝ ਹੀ ਲਿਖਾਰਿਆਂ ਦੀ ਮੀਨ-ਮੇਖ ਕੱਢਣ ਦੇ ਰਸਤੇ ਪੈ ਤੁਰੇ। ਦਰਅਸਲ ਗੱਲ ਤਾਂ ਫ਼ੈਸਲਾ ਲੈਣ ਦੀ ਸੀ। ਜੋ ਸਾਡੇ ਦਿਮਾਗ..... ਨਹੀਂ ਦਿਲੋਂ ਫੈਸਲਾ ਲਿਆ ਗਿਆ। ਮਾਸਿਕ ਦੀ ਜਗ੍ਹਾ ਪਹਿਲਾ ਤ੍ਰੈਮਾਸਿਕ ਪਰਚਾ ਕੱਢਣ ਦਾ ਫੈਸਲਾ ਹੋ ਗਿਆ। ਰਚਨਾਵਾਂ ਮੰਗਵਾ ਲਈਆਂ ਗਈਆਂ ਤੇ ਨਾਲ ਹੀ ਵਿਚਾਰ ਤੇ ਚੰਦੇ ਭੇਜਣ ਲਈ ਵੀ ਬੇਨਤੀਆਂ ਕੀਤੀਆਂ ਗਈਆਂ। ਰਚਨਾਵਾਂ ਤੇ ਵਿਚਾਰਾਂ ਦਾ ਤਾਂ ਹੜ੍ਹ ਆ ਗਿਆ ਲੇਕਿਨ ਚੰਦਾ ਕਿਸੇ ਟਾਂਵੇ ਵਿਰਲੇ ਨਵੇਂ ਲੇਖਕ ਜਾਂ ਚੱਲ ਚੁੱਕੇ ਕਾਰਤੂਸ ਨੇ ਹੀ ਭੇਜਿਆ। ਬਾਕੀਆਂ ਨੇ ਇਸ ਪੱਖੋਂ ਘੇਸਲ ਹੀ ਵੱਟਦਿਆਂ ਸੰਪਾਦਕ ਸਾਹਿਬ---ਯਾਨੀ ਕਿ ਸਾਨੂੰ ਸਿਰਫ਼ ਇਤਨਾ ਹੀ ਲਿਖਿਆ ਜਾਂ ਫੋਨ 'ਤੇ ਦੱਸਿਆ, "ਤੁਸੀਂ ਸਾਹਿਤਕ ਪਰਚਾ ਕੱਢਣ ਜਾ ਰਹੇ ਹੋ, ਵਾਕਿਆ ਹੀ ਤੁਸੀਂ ਸੂਰਮੇ (ਕਿਉਂ ਅਸੀਂ ਕਿਹੜੇ ਦੁਸ਼ਮਣ ਦੇ ਛੱਕੇ ਛੁਡਾ ਦਿੱਤੇ ?) ਹੋ, ਤੁਸੀਂ ਮਹਾਨ ਹੋ। ਖੈਰ! ਤਿਲ ਫੁਲ ਤਿੰਨ ਚਾਰ ਰਚਨਾਵਾਂ ਭੇਜ ਰਿਹਾ ਹਾਂ, ਉਮੀਦ ਹੈ ਪ੍ਰਕਾਸ਼ਿਤ ਕਰਕੇ ਹਥਲਾ ਅੰਕ ਜ਼ਰੂਰ ਘਰ ਦੇ ਪਤੇ 'ਤੇ ਭੇਜਣ ਦੀ ਖੇਚਲ ਕਰੋਗੇ।"

ਖੇਚਲ ਕਾਹਦੀ ਬਾਬਿਓ! ਪਰਚੇ ਦੇ ਫੁੱਲ ਮਾਲਕ ਹਾਂ। ਸਜੇ ਸਜਾਏ ਸੰਪਾਦਕ, ਕਿਉਂ ਨਾ ਕਿਸੇ ਦੀ ਰਚਨਾ ਛਾਪ ਕੇ ਉਸਨੂੰ ਪਰਚਾ ਭੇਜਾਂਗੇ। ਤੇ ਇੰਝ ਲੇਖਕਾਂ ਦੀਆਂ ਰਚਨਾਵਾਂ ਛਾਪਦੇ-ਛਾਪਦੇ ਤੇ ਉਨ੍ਹਾਂ ਨੂੰ ਮੁਫਤੋ ਮੁਫਤੀ ਵਿੱਚ ਪਰਚਾ ਭੇਜ ਕੇ ਅਸੀਂ ਤਿੰਨ ਅੰਕ



ਕੱਢਣ ਵਿੱਚ ਕਾਮਯਾਬੀ ਪ੍ਰਾਪਤ ਕਰ ਹੀ ਲਈ। ਚੰਗੇ-ਚੰਗੇ ਲੇਖਕਾਂ ਦੇ ਵਧਾਈ ਪੱਤਰ ਤੇ ਰਚਨਾਵਾਂ ਵੀ ਆਉਣ ਲੱਗੀਆਂ। ਅਸੀਂ ਵੀ ਆਪਣੇ ਆਪ 'ਤੇ ਥੋੜ੍ਹਾ ਮਾਣ ਮਹਿਸੂਸ ਕਰਨ ਲੱਗੇ ਕਿ, ਲੈ ਵੀ ਕਾਕਾ ਸਿਆਂ! ਤੂੰ ਇਕ ਕਾਮਯਾਬ ਲੇਖਕ ਤਾਂ ਨਹੀਂ ਬਣ ਸਕਿਆ ਪਰ ਇਕ ਸਫ਼ਲ ਸੰਪਾਦਕ ਜ਼ਰੂਰ ਸਾਬਿਤ ਹੋ ਗਿਆ ਏਂ। ਤੈਨੂੰ ਬੇਸ਼ੱਕ ਦੂਸਰੇ ਪਰਚਿਆਂ ਦੇ ਸੰਪਾਦਕਾਂ ਨੇ ਨਹੀਂ ਛਾਪਿਆ ਪਰ ਹੁਣ ਉਹ ਤੇਰੇ ਪਰਚੇ ਵਿੱਚ ਛਪਣ ਲਈ ਤਰਸਦੇ ਪਏ ਨੇ। ਕਈ ਤਾਂ ਤੇਰੇ ਪਰਚੇ ਵਿੱਚ ਛਪੀਆਂ ਠੀਕ-ਠੀਕ ਰਚਨਾਵਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣੋਂ ਵੀ ਨਹੀਂ ਜੇ ਝਿਜਕਦੇ! ਕਿਉਂ ਹੈ ਨਾ ਕਮਾਲ ? ਪਰ ਕਮਾਲ ਕਾਹਦੀ, ਛੇਵੇਂ ਅੰਕ ਤੱਕ ਅੱਪੜਦਿਆਂ ਜਦੋਂ ਅਸੀਂ ਇਕ ਦਿਨ ਇਕਾਂਤ ਵਿੱਚ ਬੈਠਿਆਂ ਸ਼ਾਂਤ ਮਨ ਨਾਲ ਆਪਣੇ ਪਰਚੇ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਕੀਤਾ ਤਾਂ ਹੇਠ ਲਿਖੇ ਨੁਕਤੇ ਸਾਹਮਣੇ ਆਏ

ਹੁਣ ਤੱਕ ਕੁਲ ਕਿੰਨੇ ਅੰਕ ਪ੍ਰਕਾਸ਼ਿਤ ਕੀਤੇ - 6
ਕਿਤਨੇ ਲੇਖਕਾਂ ਨੂੰ ਜਗ੍ਹਾ ਦਿੱਤੀ - 531
ਕੁਲ ਤਾਰੀਫੀ ਖ਼ਤ ਕਿੰਨੇ -1108
ਕਿਤਨੇ ਇਸ਼ਤਿਹਾਰ ਮਿਲੇ - ਕੇਵਲ ਢਾਈ
ਕਿਤਨੇ ਲੇਖਕਾਂ ਨੂੰ ਮੁਫ਼ਤ ਪਰਚਾ- ਲਗਪਗ ਸਾਰਿਆਂ ਨੂੰ ਹੀ ਭੇਜਿਆ ਗਿਆ।
ਹੁਣ ਤੱਕ ਕਿੰਨਾ ਸਰਮਾਇਆ ਲੱਗਾ - 79000/- ਰੁਪੇ (ਅੱਧਾ ਕੁ ਹੱਥ ਉਧਾਰ)
ਕਿਤਨੀ ਆਮਦਨ ਹੋਈ - 1101/- ਰੁਪਇਆ।

ਇਹ ਅੰਕੜੇ ਮੈਂ ਹਾਲੇ ਤੱਕ ਕਿਸੇ ਹੋਰ ਵਿਅਕਤੀ ਨੂੰ ਨਹੀਂ ਦੱਸੇ, ਲੇਖਕਾਂ ਤ ਪਾਠਕਾਂ ਨੂੰ ਵੀ ਨਹੀਂ। ਬੀਵੀ ਤੇ ਬੱਚਿਆਂ ਨੂੰ ਵੀ ਨਹੀਂ। ਜੇਕਰ ਇਹ ਅੰਕੜੇ ਮੈਂ ਆਪਣੀ ਪਤਨੀ ਕੋਲ ਨਸ਼ਰ ਕਰ ਦਿੰਦਾ ਤਾਂ ਉਹ ਮੇਰੇ ਲਈ ਪਿਆਰੀ ਦੁਲਾਰੀ ਪਤਨੀ ਨਹੀਂ ਸੀ ਰਹਿਣੀ, ਭਿਅੰਕਰ ਦੈਂਤਣੀ ਦਾ ਰੂਪ ਅਖਤਿਆਰ ਕਰ ਲੈਂਦੀ। ਪਰ ਇਹ ਰਾਜ਼ ਜਾਂ ਭੇਦ ਆਖਰ ਕਦੋਂ ਤੱਕ ਛੁਪਿਆ ਰਹਿੰਦਾ। ਆਖਰ ਇਕ ਰੋਜ਼ ਸਾਡੀ ਪਤਨੀ ਸਾਹਿਬਾਂ ਨੂੰ ਇਹ ਅੰਕੜੇ ਕਿਸੇ ਘਰ ਦੇ ਭੇਤੀ ਨੇ ਆਖ ਹੀ ਸੁਣਾਏ। ਸਾਡੀ ਪਤਨੀ ਗੁੱਸੇ ਨਾਲ ਫੁੰਕਾਰਣ ਲੱਗ ਪਈ ਤੇ ਸਾਨੂੰ ਥੱਲੇ ਫਰਸ਼ ਤੇ ਠਿੱਬੀ ਦੇ ਕੇ ਸੁੱਟਦਿਆਂ ਗੋਡਾ ਸਾਡੀ ਛਾਤੀ 'ਤੇ ਰੱਖਦਿਆਂ ਕਿਸੇ ਸ਼ੇਰਨੀ ਵਾਂਗ ਗਰਜਣ ਲੱਗ ਪਈ, "ਤੁਸੀਂ ਮੇਰਾ ਤਿਲ ਤਿਲ ਕਰ ਕੇ ਜੋੜਿਆ ਪੈਸਾ ਤੇ ਗਹਿਣਾ ਗੱਟਾ ਇਨ੍ਹਾਂ ਕੁੱਤੇ ਕੰਮਾਂ 'ਤੇ ਬਰਬਾਦ ਕਰਦੇ ਰਹੇ, ਅੱਜ ਮੈਂ ਵੀ ਆਪਣੀ ਮਾਂ ਦੀ ਧੀ ਨੀ ਜੇ ਗਿਣ ਗਿਣ ਕੇ ਹਿਸਾਬ ਨਾ ਲਿਆ ਤਾਂ ?"

ਅਸੀਂ ਵਾਕਿਆ ਹੀ ਡਰ ਨਾਲ ਘਬਰਾ ਗਏ ਤੇ ਕੰਬਣ ਵੀ ਲੱਗੇ, ਕਿਉਂਕਿ ਸਾਡੀ ਜਿੰਦਗੀ ਵਿੱਚ ਕਦੇ ਵੀ ਅਜਿਹਾ ਭਿਆਨਕ ਤੂਫ਼ਾਨ ਨਹੀਂ ਸੀ ਆਇਆ, "ਆਖਦੇ ਸੀ ਜਿਹੜਾ ਪਲਾਟ ਆਪਾਂ ਲਿਐ ਉਹਦੀਆਂ ਕਿਸ਼ਤਾਂ ਹਰ ਮਹੀਨੇ ਉਤਾਰਦੈਂ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਤੂੰ ਚੰਦਰਾ ਸਾਰਾ ਰੁਪਿਆ ਤੇ ਗਹਿਣਾ ਗੱਟਾ ਇਨ੍ਹਾਂ ਕੁੱਤੇ ਕੰਮਾਂ 'ਤੇ ਪਾਣੀ ਵਾਂਗ ਰੋੜ੍ਹਦਾ ਪਿਐ।"

ਹੁਣ ਇਹਨਾ ਹੋਣ ਦੇ ਬਾਵਜੂਦ ਤੁਸੀਂ ਹੀ ਆਪਣੇ ਦਿਲ 'ਤੇ ਹੱਥ ਰੱਖਕੇ ਦੱਸਿਓ ਕਿ ਮੈਂ ਆਪਣੇ ਸਾਹਿਤਕ ਹਲਕਿਆਂ ਵਿੱਚ ਗੰਭੀਰ ਚਰਚਾ ਛੇੜਨ ਵਾਲੇ ਪਰਚੇ 'ਅਫਲਾਤੂਨ' ਦਾ ਅਗਲਾ ਭਾਵ ਸੱਤਵਾਂ ਅੰਕ ਕਿਵੇਂ ਕੱਢ ਸਕਦਾ ਹਾਂ ? ਤੁਸੀਂ ਹੀ ਇਸ ਬਾਰੇ ਫੈਸਲਾ ਕਰਿਓ ਤੇ ਦੱਸਿਓ ਕਿ ਰਸਾਲੇ ਦੇ ਅਗਲੇ ਅੰਕ ਕੱਢਣ ਬਾਰੇ ਤੁਹਾਡਾ ਕੀ ਵਿਚਾਰ ਹੈ/ਜਾਂ ਤੁਸੀਂ ਵੀ ਮੇਰੀ ਖੂੰਖਾਰ ਧਰਮ ਦੀ ਪਤਨੀ ਤੋਂ ਡਰਦੇ ਪਏ ਹੋ ?

◆◆◆

# ਮਿੱਥਾਂ ਦੇ ਸਹਾਰੇ ਚਲਦੀ ਦੁਨੀਆਂ

**ਸੰਦੀਪ ਕੁਮਾਰ ਦਰਦੀ**

ਮਿੱਥਾਂ ਦਾ ਵਾਹ ਵੈਸੇ ਤਾਂ ਸੱਭਿਅਤਾ ਨਾਲ ਹੈ, ਪਰ ਸੱਭਿਅਤਾ ਆਪ ਪਦਾਰਥਕ ਹਾਲਤਾਂ 'ਚੋਂ ਪੈਦਾ ਹੋਈ ਹੈ ਤੇ ਮਨੁੱਖ ਆਪ ਵੀ ਪਦਾਰਥ ਦਾ ਉਚਤਮ ਰੂਪ ਹੈ। ਇਸੇ ਲਈ ਇਸ ਲੇਖ ਦੀ ਸ਼ੁਰੂਆਤ ਧਰਤੀ ਤੇ ਨਿਰਜੀਵ ਤੋਂ ਸੰਜੀਵ ਦੇ ਸਫ਼ਰ ਤੋਂ ਸ਼ੁਰੂ ਕਰਦੇ ਹਾਂ। ਧਰਤੀ ਜਾਂ ਜੀਵ ਵਿਕਾਸ ਦੀ ਗੱਲ ਮਨੁੱਖ ਇਸ ਲਈ ਲਿਖਣ ਅਤੇ ਕਰਨਯੋਗ ਹੋਇਆ ਹੈ ਕਿਉਂਕਿ ਉਸ ਕੋਲ ਬੋਲੀ ਹੈ। ਕੁਝ ਸ਼ਬਦ ਐਸੇ ਵੀ ਨੇ ਜੋ ਬਹੁਤ ਮਹੱਤਵਪੂਰਨ ਪਦਾਰਥਕ ਹਾਲਤਾਂ ਨੂੰ ਦਰਸਾਉਂਦੇ ਨੇ ਜਿਨ੍ਹਾਂ ਦੀ ਵਿਆਖਿਆ ਕਰ ਲੈਣੀ ਜ਼ਰੂਰੀ ਹੈ ਤਾਂ ਜੋ ਅੱਗੇ ਜਾ ਕੇ ਦੁਚਿੱਤੀ ਨਾ ਪੈਦਾ ਹੋਵੇ। ਜਿਵੇਂ ਕਿ ਕੁਦਰਤ –

**ਕੁਦਰਤ** – ਕੁਦਰਤ ਆਪਣੇ ਆਪ ਵਿਚ ਕੁਝ ਵੀ ਨਹੀਂ, ਮਨੁੱਖ ਦੁਆਰਾ ਸਿਰਜੀ ਹੋੋਈ ਇਕ ਅਮੂਰਤ ਧਾਰਨਾ ਹੈ। ਇਸ ਲਈ ਲੋਕ ਕੁਦਰਤ ਨੂੰ ਰੱਬ ਜਾਂ ਕਿਸੇ ਗੈਬੀ ਸ਼ਕਤੀ ਨਾਲ ਜੋੜਦੇ ਨੇ। ਅਸਲ 'ਚ ਕੁਦਰਤ ਮਨੁੱਖ ਦੀ ਉੱਚਤਮ ਬੌਧਿਕਤਾ 'ਚੋਂ ਪੈਦਾ ਹੋਈ ਅਮੂਰਤ ਧਾਰਨਾ ਹੀ ਹੈ। ਜਿਵੇਂ ਕਿ ਭਾਂਡੇ, ਦਰੱਖ਼ਤ, ਪਸ਼ੂ–ਹੁਣ ਭਾਂਡੇ ਕੀ ਹਨ–ਦਰੱਖਤ ਕੀ ਹੈ ਅਤੇ ਪਸ਼ੂ ਕੀ ਹਨ ? ਤੇ ਨਾਲ ਹੀ ਗੱਲ ਕਰ ਲੈਂਦੇ ਹਾਂ ਮੂਰਤ ਧਾਰਨਾਂ ਦੀ –ਮਨੁੱਖ ਆਪਣੀ ਸਹੂਲਤ ਲਈ ਵੱਖ–ਵੱਖ ਚੀਜ਼ਾਂ ਦੇ ਨਾਮ ਰੱਖਦਾ ਹੈ ਕਿ ਉਹਨਾਂ ਦੀ ਪਹਿਚਾਣ ਕਰ ਸਕੇ, ਉਹਨਾਂ ਨੂੰ ਯਾਦ ਰੱਖ ਸਕੇ। ਇਸ ਲਈ ਕੌਲੀ, ਗਲਾਸ, ਚਮਚਾ, ਕੱਪ ਹੋ ਗੇ ਮੂਰਤ ਧਾਰਨਾ ਤੇ ਭਾਂਡੇ ਹੋ ਗਏ ਅਮੂਰਤ ਧਾਰਨਾ। ਇਸੇ ਤਰ੍ਹਾਂ ਮੱਝ, ਖੋਤਾ, ਹਾਥੀ ਹੋ ਗਏ ਮੂਰਤ ਤੇ ਪਸ਼ੂ ਹੋ ਗਏ ਅਮੂਰਤ। ਸਫੈਦਾ, ਪਿੱਪਲ, ਟਾਹਲੀ ਮੂਰਤ ਅਤੇ ਦਰੱਖਤ ਹੋ ਗਏ ਅਮੂਰਤ।

**ਹੁਣ ਕੁਦਰਤ ਨੂੰ ਖੋਲ ਲੈਂਦੇ ਹਾਂ** – ਪਦਾਰਥਕ ਤਬਦੀਲੀ ਨਾਲ ਪੈਦਾ ਹੋਣ ਵਾਲੀਆਂ ਘਟਨਾਵਾਂ ਜਿਵੇਂ ਭੁਚਾਲ ਦਾ ਆਉਣਾ, ਮੀਂਹ ਤੇ ਬਰਫ਼ ਦਾ ਪੈਣਾ, ਬਿਜਲੀ ਦਾ ਲਿਸ਼ਕਣਾ ਆਦਿਕ ਹੋਰ ਕਈ ਘਟਨਾਵਾਂ ਜੋ ਧਰਤੀ ਤੇ ਹੋ ਰਹੀਆਂ ਹਨ, ਉਹਨਾਂ ਨੂੰ ਇਕ ਸ਼ਬਦ ਕੁਦਰਤ ਵਿਚ ਸਮੇਟ ਲਿਆ ਜਾਂਦਾ ਹੈ (ਪਦਾਰਥਕ ਗਤੀ ਦੀ ਦਾਰਸ਼ਨਿਕ ਧਾਰਨਾ ਕੁਦਰਤ



ਹੈ) ਇਸੇ ਤਰ੍ਹਾਂ ਭਾਂਡੇ, ਪਸੂ, ਦਰੱਖਤ ਹੈ ਵੀ ਤੇ ਨਹੀਂ ਵੀ। ਇਸੇ ਤਰ੍ਹਾਂ ਕੁਦਰਤ ਹੈ ਵੀ ਤੇ ਨਹੀਂ ਵੀ। ਜੀਵ ਵਿਕਾਸ ਵਿੱਚ ਮਨੁੱਖ ਉਚੇਰਾ ਹੈ। ਉਸ ਕੋਲ ਬੋਲੀ ਦਾ ਗੁਣ ਹੈ। ਸ਼ਬਦ ਦਾ ਬੋਲੀ ਲਈ ਮੁੱਢਲਾ ਮਹੱਤਵ ਹੈ, ਮੁੱਢਲਾ ਸ਼ਬਦ ਸਿੱਧਾ ਨਾਮਕਰਨ ਹੈ। ਸਿੱਧਾ ਸ਼ਬਦ ਮੂਰਤ ਧਾਰਨਾ ਅਤੇ ਵਿਕਸਿਤ ਧਾਰਨਾ ਅਮੂਰਤ ਧਾਰਨਾ ਬਣਦੀ ਹੈ। ਅਮੂਰਤ ਧਾਰਨਾ ਤੋਂ ਬਗ਼ੈਰ ਮਨੁੱਖੀ ਅਤੇ ਸਮਾਜਿਕ ਵਿਕਾਸ ਸੰਭਵ ਨਹੀਂ ਹੈ। ਧਰਤੀ ਤੇ ਜੀਵ ਵਿਕਾਸ ਵੱਲ ਨੂੰ ਚੱਲਦੇ–ਚੱਲਦੇ ਮਨੁੱਖ ਸ਼ਬਦ ਨੂੰ ਵੀ ਅਮੂਰਤ ਧਾਰਨਾ ਵਿੱਚ ਰੱਖ ਲੈਂਦੇ ਹਾਂ। ਤੇ ਮੂਰਤ ਸ਼ਬਦ ਅੱਗੇ ਆ ਜਾਂਦੇ ਨੇ ਇਸਤਰੀ ਤੇ ਪੁਰਸ਼, ਕਿਉਂਕਿ ਜੇ ਮਨੁੱਖ ਪੁਰਸ਼ ਹੈ ਤਾਂ ਔਰਤ ਦੇ ਵਿਕਾਸ ਲਈ ਫਿਰ ਵੱਖਰੀ ਖੋਜ ਕਰਨੀ ਪਵੇਗੀ। ਸੂਰਜ ਪਰਿਵਾਰ ਦੇ ਨੌਂ ਗ੍ਰਹਿ ਹਨ। ਅੱਗੋਂ ਕਈ ਗ੍ਰਹਿਆਂ ਦੇ ਆਪਣੇ ਉਹ ਗ੍ਰਹਿ ਵੀ ਨੇ। ਪਰ ਸਿਰਫ਼ ਧਰਤੀ ਤੇ ਹੀ ਜੀਵਨ ਦਾ ਵਿਕਾਸ ਹੋਇਆ। ਇਸ ਦੇ ਆਪਣੇ ਪਦਾਰਥਕ ਹਾਲਾਤ ਤੇ। ਇਨ੍ਹਾਂ ਹਾਲਤਾਂ ਨੂੰ ਦਰਸਾਉਂਦੇ ਇਕ ਚਿੱਤਰ ਵੱਲ ਨਿਗ੍ਹਾ ਮਾਰਦੇ ਹਾਂ।

– ਵਿਚਾਰਧਾਰਕ ਗਤੀ
|
– ਸਮਾਜਿਕ ਗਤੀ
|
– ਜੀਵਕ ਗਤੀ
|
– ਰਸਾਇਣਕ ਗਤੀ
|
– ਭੌਤਿਕ ਗਤੀ
ਧਰਤੀ |
– ਮਕੈਨੀਕਲ ਗਤੀ

99149–87088

# ਹਲਚਲ

## ਸ਼ਿਵ ਬਟਾਲਵੀ ਸਭਿਆਚਾਰਕ ਕੇਂਦਰ ਵਿੱਚ ਬੂਟੇ ਲਾਏ

## ਰੋਟਰੀ ਕਲੱਬ ਦੀ ਬਟਾਲਾ ਇਕਾਈ ਦਾ ਉਪਰਾਲਾ

ਦਿਨੋ ਦਿਨ ਨਿੱਘਰ ਰਹੀ ਆਬੋ-ਹਵਾ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੇ ਮੰਤਵ ਨਾਲ ਰੋਟਰੀ ਕਲੱਬ ਬਟਾਲਾ ਦੇ ਅਹੁਦੇਦਾਰਾਂ ਵੱਲੋਂ ਅੱਜ ਸ਼ਿਵ ਬਟਾਲਵੀ ਸਭਿਆਚਾਰ ਕੇਂਦਰ ਵਿੱਚ ਸੌ ਤੋਂ ਵੱਧ ਪੌਦੇ ਲਗਾਏ ਗਏ।

ਕਲੱਬ ਦੇ ਚੇਅਰਮੈਨ ਬਲਵਿੰਦਰ ਸਿੰਘ ਸ਼ਾਹ, ਪ੍ਰਧਾਨ ਵਿਜਯੰਤ ਮਰਵਾਹਾ ਅਤੇ ਸਕੱਤਰ ਡਾ. ਸਤਿਨਾਮ ਸਿੰਘ ਨਿੱਝਰ ਦੀ ਅਗਵਾਈ ਵਿੱਚ ਕਲੱਬ ਮੈਂਬਰਾਂ ਨੇ ਆਡੀਟੋਰੀਅਮ ਜੇ ਕੰਪਲੈਕਸ ਵਿੱਚ ਫ਼ਲਦਾਰ ਤੇ ਫੁੱਲਦਾਰ ਬੂਟੇ ਲਗਾਉਂਦਿਆਂ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਾਤਾਵਰਨ ਦੀ ਸੰਭਾਲ ਲਈ ਪ੍ਰੇਰਿਤ ਕੀਤਾ।

◆◆◆

## ਵੱਖ-ਵੱਖ ਪਿੰਡਾਂ ਵਿੱਚ ਲਾਏ ਬੂਟੇ

ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਦੀ ਚਲਾਈ ਜਾ ਰਹੀ ਮੁਹਿੰਮ ਤਹਿਤ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਸੇਵਾਦਾਰ ਸਰਗਰਮ ਹਨ। ਉਹ ਪਿਛਲੇ ਪੰਜਾਂ ਦਿਨਾਂ ਵਿੱਧ ਅੱਧੀ ਦਰਜਨ ਪਿੰਡਾਂ ਵਿੱਚ ਲਗਪਗ 3100 ਤੋਂ ਵੱਧ ਬੂਟੇ ਲਗਾ ਚੁੱਕੇ ਹਨ।

ਸੇਵਾਦਾਰ ਗੁਰਵਿੰਦਰ ਸਿੰਘ ਬੋਪਾਰਾਏ ਨੇ ਦੱਸਿਆ ਕਿ ਪਿੰਡ ਚੱਕਚੇਲਾ, ਕੋਟਲਾ ਹੇਰ, ਸੀਚੇਵਾਲ, ਤਲਵੰਡੀ ਮਾਧੋ, ਮਾਲਾ, ਸੋਹਲ ਖਾਲਸਾ, ਬਲੇਰਖਾਨਪੁਰ ਤੇ ਸੁਲਤਾਨਪੁਰ ਰੂਰਲ ਵਿੱਚ ਬੂਟੇ ਲਾਏ ਗਏ ਹਨ। ਇਨ੍ਹਾਂ ਦਿਨਾਂ ਵਿੱਚ ਪੈ ਰਿਹਾ ਮੀਂਹ ਬੂਟਿਆਂ ਲਈ ਲਾਭਕਾਰੀ ਹੈ। ਉਨ੍ਹਾਂ ਦੱਸਿਆ ਕਿ ਬੂਟੇ ਲਗਾਉਣ ਲਈ ਇਕ ਜੇ.ਸੀ.ਬੀ. ਮਸ਼ੀਨ, ਟੋਏ ਪੁੱਟਣ ਲਈ ਬਰਮੇ ਵਾਲਾ ਟਰੈਕਟਰ ਅਤੇ ਨਰਸਰੀ ਵਿੱਚੋਂ ਵੱਡੇ ਬੂਟੇ ਲੱਦ ਕੇ ਲਿਆਉਣ ਲਈ ਟਰੱਕ, ਟਰੈਕਟਰ ਟਰਾਲੀ ਤੋਂ 20 ਤੋਂ 25 ਦੇ ਕਰੀਬ ਸੇਵਾਦਾਰ ਸਰਗਰਮ ਹਨ।

◆◆◆





ਨਾਮਵਰ ਸੰਸਥਾ ਰੋਟਰੀ ਕਲੱਬ ਬੇਗੋਵਾਲ ਵੱਲੋਂ ਅਧਿਆਪਕ ਦਿਵਸ ਮੌਕੇ ਅਧਿਆਪਨ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਪ੍ਰਮੋਦ ਕੁਮਾਰ, ਬੀਰ ਸਿੰਘ ਸਿੱਧੂ, ਦਲਜੀਤ ਸਿੰਘ, ਤਰਲੋਚਨ ਸਿੰਘ ਅਤੇ ਲਖਵਿੰਦਰ ਸਿੰਘ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਸੰਸਥਾ ਦੇ ਸੰਚਾਲਕ ਹੈਡਮਾਸਟਰ ਵਿੱਦਿਆ ਸਾਗਰ, ਮੈਨੇਜਰ ਮਹਿੰਦਰ ਸਿੰਘ ਲਾਡੀ ਅਤੇ ਮਾ. ਬਲਵਿੰਦਰ ਸਿੰਘ ਬਰਿਆਰ ਮੌਜੂਦ ਸਨ।

◆◆◆

## ਭਾਰਤ ਦੀ ਪਹਿਲੀ ਮਹਿਲਾ ਰੱਖਿਆ ਮੰਤਰੀ ਬਣੀ ਸੀਤਾਰਮਨ

### ਆਪਣੀ ਕਾਬਲੀਅਤ ਦੇ ਬਲਬੂਤੇ ਪੁੱਜੀ ਦੇਸ਼ ਦੇ ਅਹਿਮ ਅਹੁਦੇ 'ਤੇ

ਮੋਦੀ ਮੰਤਰੀ ਮੰਡਲ ਦੇ ਵਿੱਚ ਨਿਰਮਲਾ ਸੀਤਾਰਮਨ ਨੂੰ ਪੂਰੇ ਸਮੇਂ ਲਈ ਭਾਰਤ ਦੀ



ਪਹਿਲੀ ਮਹਿਲਾ ਰੱਖਿਆ ਮੰਤਰੀ ਬਣਨ ਦਾ ਮਾਣ ਹਾਸਿਲ ਹੋਇਆ ਹੈ। ਇਸ ਨਵੀਂ ਜ਼ਿੰਮੇਵਾਰੀ ਵਿੱਚ ਉਨ੍ਹਾਂ ਦੇ ਸਾਹਮਣੇ ਸੈਨਾ ਦੇ ਤਿੰਨਾਂ ਵਿੰਗਾਂ ਦਾ ਤੇਜ਼ੀ ਨਾਲ ਆਧੁਨਿਕੀਕਰਨ ਕਰਨ ਦੀ ਚੁਣੌਤੀ ਹੈ। 58 ਸਾਲ ਦੀ ਸੀਤਾਰਮਨ ਰਾਜ ਸਭਾ ਮੈਂਬਰ ਹੈ। ਦੇਸ਼ ਵਿੱਚ ਅਹਿਮ ਜਾਣੇ ਜਾਂਦੇ ਰੱਖਿਆ ਮੰਤਰਾਲੇ ਦਾ ਚਾਰਜ ਸਾਂਭਣ ਵਾਲੀ ਉਹ ਦੂਜੀ ਔਰਤ ਹੈ।

## ਪੈਨਸ਼ਨਰ ਮੰਗਾਂ 'ਤੇ ਸਰਕਾਰ ਵੱਲੋਂ ਧਾਰੀ ਚੁੱਪ 'ਤੇ ਚਿੰਤਾ ਪ੍ਰਗਟਾਈ



ਸਟੇਟ ਪੈਨਸ਼ਨਰਜ਼ ਜਾਇੰਟ ਫਰੰਟ ਜ਼ਿਲ੍ਹਾ ਪਠਾਨਕੋਟ ਦੀ ਕਾਰਜਕਾਰਨੀ ਦੀ ਇਕ ਮੀਟਿੰਗ ਸੀਨੀਅਰ ਕਨਵੀਨਰ ਨਰੇਸ਼ ਕੁਮਾਰ ਦੀ ਅਗਵਾਈ ਹੇਠ ਅੱਜ ਇਥੇ ਹੋਈ। ਮੀਟਿੰਗ ਵਿੱਚ 6 ਵੱਖ-ਵੱਖ ਐਸੋਸੀਏਸ਼ਨਾਂ ਦੇ ਕਨਵੀਨਰ ਰਾਮ ਦਾਸ, ਚੌਧਰੀ ਲਾਲ ਚੰਦ, ਵਿਕਰਮਜੀਤ, ਟੀ.ਆਰ. ਸ਼ਰਮਾ, ਸੁਖਨਿੰਦਰ ਕੁਮਾਰ ਤੇ ਡਾ. ਲੇਖਰਾਜ ਵੀ ਹਾਜ਼ਰ ਹੋਏ। ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ ਗਈ।

ਇਨ੍ਹਾਂ ਨੇਤਾਵਾਂ ਨੇ ਪੈਨਸ਼ਨਰਾਂ ਦੀਆਂ ਬਾਕੀ ਮੰਗਾਂ ਦੇ ਪ੍ਰਤੀ ਸਰਕਾਰ ਦੀ ਚੁੱਪੀ ਤੇ ਵੀ ਚਿੰਤਾ ਪ੍ਰਗਟ ਕੀਤੀ ਤੇ ਮੰਗ ਕੀਤੀ ਕਿ ਸਰਕਾਰ ਜਨਵਰੀ ਤੋਂ ਮਹਿੰਗਾਈ ਭੱਤੇ ਦੀ ਕਿਸ਼ਤ ਤੇ ਬਕਾਇਆ ਤੁੰਰਤ ਰਿਲੀਜ਼ ਕਰੇ, ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਅਨੁਸਾਰ ਪੇ. ਕਮਿਸ਼ਨ ਦੀ ਰਿਪੋਰਟ ਦੇ ਸਮਾਂਬੱਧ ਸਮੇਂ ਵਿੱਚ ਲਾਗੂ ਕਰੇ।

◆◆◆

## ਵਿਰਸਾ ਵਿਹਾਰ 'ਚ ਹੋਇਆ ਸਾਵਣ ਕਵੀ ਦਰਬਾਰ

ਪੰਜਾਬੀ ਸਾਹਿਤ ਸੰਗਮ ਅਤੇ ਵਿਰਸਾ ਵਿਹਾਰ ਸੁਸਾਇਟੀ ਅੰਮ੍ਰਿਤਸਰ ਵੱਲੋਂ ਕੇਂਦਰੀ





ਪੰਜਾਬ ਲੇਖਕ ਸਭਾ ਦੇ ਸਹਿਯੋਗ ਨਾਲ ਵਿਰਸਾ ਵਿਹਾਰ ਦੇ ਨਾਨਕ ਸਿੰਘ ਨਾਵਲਿਸਟ ਸੈਮੀਨਾਰ ਹਾਲ ਵਿੱਚ ਸਾਵਣ ਕਵੀ ਦਰਬਾਰ ਕਰਵਾਇਆ ਗਿਆ। ਇਸ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਦੀਪ ਦਵਿੰਦਰ ਸਿੰਘ, ਸਕੱਤਰ ਅਰਤਿੰਦਰ ਸੰਧੂ, ਅਜਾਇਬ ਹੁੰਦਲ, ਡਾ. ਰਵਿੰਦਰ, ਡਾ. ਜਗਦੀਸ਼ ਸਚਦੇਵਾ, ਪ੍ਰਭਜੋਤ ਕੌਰ ਸੰਧੂ ਲਾਇਬਰੇਰੀਅਨ ਅਤੇ ਸ਼ੈਲਿੰਦਰਜੀਤ ਸਿੰਘ ਰਾਜ ਨੇ ਸ਼ਮੂਲੀਅਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪੰਜਾਬੀ ਸਾਹਿਤ ਸੰਗਮ ਦੇ ਜਨਰਲ ਸਕੱਤਰ ਸ਼ਾਇਰ ਮਲਵਿੰਦਰ ਨੇ ਕਿਹਾ ਕਿ ਸਾਹਿਤ ਸੰਗਮ ਵੱਲੋਂ ਹਰ ਵਰ੍ਹੇ ਸਾਵਣ ਕਵੀ ਦਰਬਾਰ ਕਰਵਾਇਆ ਜਾਂਦਾ ਹੈ। ਇਸ ਸਮਾਗਮ ਨੂੰ ਕਵੀਆਂ ਵੱਲੋਂ ਵੀ ਅਤੇ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਦਾ ਆ ਰਿਹਾ ਹੈ। ਸਟੇਜ ਸੰਚਾਲਨ ਕਰਦਿਆਂ ਪੰਜਾਬੀ ਸਾਹਿਤ ਸੰਗਮ ਦੇ ਜਨਰਲ ਸਕੱਤਰ ਮਲਵਿੰਦਰ ਨੇ ਅਜਾਇਬ ਸਿੰਘ ਹੁੰਦਲ, ਅਜੀਤ ਕਮਲ, ਸਤਿੰਦਰ ਕੌਰ ਰੰਧਾਵਾ, ਸੀਮਾ ਸੰਧੂ, ਸੁਲਤਾਨ ਭਾਰਤੀ, ਸ਼ੈਲਿੰਦਰਜੀਤ ਰਾਜਨ, ਹਰਭਜਨ ਖੇਮਕਰਨੀ, ਕਮਲ, ਕੰਵਰ ਇਕਬਾਲ, ਜਸਵੰਤ ਹਾਂਸ, ਬੀਬਾ ਬਲਵੰਤ, ਧਿਆਨ ਸਿੰਘ ਸਾਹ ਸਿੰਘ ਆਦਿ ਨੇ ਗਜ਼ਲਾਂ, ਕਵਿਤਾਵਾਂ, ਗੀਤਾਂ ਰਾਹੀਂ ਚੰਗਾ ਰੰਗ ਬੰਨ੍ਹਿਆ।

◆◆◆

## ਪੰਜਾਬ ਕਲਾ ਮੰਚ ਦੀ ਮੀਟਿੰਗ 'ਚ 'ਰੂਹ ਪੰਜਾਬੀ' ਦਾ ਤਾਜ਼ਾ ਅੰਕ ਰਿਲੀਜ਼

**ਨਰੋਆ ਸਮਾਜ ਸਿਰਜਣ ਲਈ ਲੋਕ ਸਾਹਿਤਕ ਪੁਸਤਕਾਂ ਪੜ੍ਹਨ**
**– ਸਤਵਿੰਦਰ ਬੇਗੋਵਾਲੀਆ**

ਪੰਜਾਬ ਕਲਾ ਮੰਚ ਬੇਗੋਵਾਲ ਦੀ ਮਾਸਿਕ ਮੀਟਿੰਗ ਸੰਸਥਾ ਦੇ ਪ੍ਰਧਾਨ ਰਮੇਸ਼ ਚੰਦਰ ਗਾਂਧੀ ਦੀ ਅਗਵਾਈ ਹੇਠ ਹਈ। ਜਿਸ ਵਿੱਚ ਨਾਮਵਰ ਨਾਟਕਕਾਰ ਪ੍ਰੋ. ਸਤਵਿੰਦਰ ਬੇਗੋਵਾਲੀਆ, ਸ਼ਾਇਰ ਰਤਨ ਟਾਹਲਵੀ, 'ਨਿਰਪੱਖ ਆਵਾਜ਼' ਸ਼ਾਇਰ ਰਤਨ ਟਾਹਲਵੀ, 'ਨਿਰਪੱਖ ਆਵਾਜ਼' ਦੇ ਮੁੱਖ ਸੰਪਾਦਕ ਹਰਜਿੰਦਰ ਸਿੰਘ ਮੰਡਾ, ਲਖਬੀਰ ਸਿੰਘ ਭੁੱਲਰ, ਜਗਚੀਤ ਸਿੰਘ ਅਤੇ ਹੋਰ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ 'ਰੂਹ ਪੰਜਾਬੀ' ਨਾਂ ਦੇ ਸਾਹਿਤਕ ਮੈਗਜ਼ੀਨ ਦਾ 16ਵਾਂ ਅੰਕ ਰਿਲੀਜ਼ ਕੀਤਾ ਗਿਆ ਅਤੇ ਪੱਤ੍ਰਿਕਾ ਵਿੱਚ ਛਪੀਆਂ ਰਚਨਾਵਾਂ ਦੀ ਪੜਚੋਲ ਕੀਤੀ ਗਈ। 'ਰੂਹ ਪੰਜਾਬੀ' ਵਿਚਲੀਆਂ ਰਚਨਵਾਂ ਨੂੰ ਮਿਆਰੀ ਮੰਨਦੇ ਹੋਏ ਸਥਾਪਿਤ ਲੇਖਕਾਂ ਦੇ ਨਾਲ ਨਾਲ ਨਵੀਆਂ ਕਲਮਾਂ ਨੂੰ ਥਾਂ ਦੇਣਾ ਚੰਗੇਰਾ ਕਦਮ ਸਮਝਿਆ ਗਿਆ।

◆◆◆

80 ਸਾਲ ਸੰਪੰਨ ਹੋਣ 'ਤੇ ਕੀਤਾ ਗਿਆ ਕਾਵਿਕ ਲੇਖਾ ਜੋਖਾ

# ਸਹਿਜ ਸਫ਼ਰ ਦਾ ਪਾਂਧੀ- ਕਵੀ ਹਰਫੂਲ ਸਿੰਘ

**ਪ੍ਰੋ. ਕੁਲਵੰਤ ਸਿੰਘ ਔਜਲਾ**



ਕਵਿਤਾ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਕਵੀ ਹਰਫੂਲ ਸਿੰਘ ਨੂੰ ਕਵਿਤਾ ਦੀ ਗੁੜ੍ਹਤੀ ਗੁਰੂ ਕੀ ਨਗਰੀ ਅੰਮ੍ਰਿਤਸਰ ਦੀ ਸਰਗਰਮ ਸਾਹਿਤਕ ਫਿਜ਼ਾ ਵਿਚੋਂ ਪ੍ਰਾਪਤ ਹੋਈ। ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ, ਬਿਸ਼ਨ ਸਿੰਘ ਉਪਾਸ਼ਕ ਅਤੇ ਸ਼ਿਵ ਕੁਮਾਰ ਬਟਾਲਵੀ ਜੇਹੇ ਮਹਾਂਰਥੀਆਂ ਦੀ ਕਾਵਿਕ ਸੰਗਤ ਵਿੱਚ ਰਹਿਕੇ ਹਰਫੂਲ ਸਿੰਘ ਨੇ ਕਵਿਤਾ ਨਾਲ ਤਾਉਮਰ ਦੀ ਮੁਹੱਬਤੀ ਸਾਂਝ ਤੇ ਸਨੇਹ ਵਿਹਾਜਿਆ। ਅੰਮ੍ਰਿਤਸਰ ਸ਼ਹਿਰ ਦੇ ਸਾਹਿਤਕ ਮੇਲ ਮਿਲਾਪ ਵਿੱਚੋਂ ਹੀ ਹਰਫੂਲ ਸਿਮੰਘ ਦੀ ਪਹਿਲੀ ਕਵਿਤਾ ਜਨਮੀ ਅਤੇ ਇਉਂ ਹੌਲੀ-ਹੌਲੀ ਕਵਿਤਾ ਨਾਲ ਹਰਫੂਲ ਸਿੰਘ ਦਾ ਗੂੜ੍ਹਾ ਤੇ ਗਹਿਰਾ ਸੰਬੰਧ ਜੁੜ ਗਿਆ ਜੋ ਉਸਨੇ ਆਖ਼ਰੀ ਸਵਾਸ ਤੀਕ ਨਿਭਾਉਣ ਦਾ ਪੱਕਾ ਪ੍ਰਣ ਕੀਤਾ ਹੋਇਆ ਹੈ। ਹਰਫੂਲ ਸਿੰਘ ਅਕਸਰ ਭਾਵੁਕ ਹੋ ਕੇ ਦਸਦਾ ਹੈ ਕਿ ਅੰਮ੍ਰਿਤਸਰ ਦੇ ਕਾਵਿਕ ਮਾਹੌਲ ਨੇ ਉਸ ਨੂੰ ਜ਼ਿੰਦਗੀ ਭਰ ਲਈ ਕਵਿਤਾ ਤੇ ਕਵਿਤਾ ਵਰਗੀ ਜ਼ਿੰਦਗੀ ਜਿਊਣ ਦਾ ਸਿਰਣਾਤਮਕ ਸਹਿਜ ਬਖਸ਼ਿਆ ਹੈ। ਹਰਫੂਲ ਸਿੰਘ ਜਮਾਂਦਰੂ, ਜਾਨਦਾਰ ਤੇ ਜੀਵਨਬੱਧ ਕਵੀ ਹੈ ਜੋ ਥੋੜ੍ਹਾ ਪਰ ਪੁਖ਼ਤਾ ਲਿਖਣ ਵਾਲਾ ਸਿਰਜਣਾਤਮਕ ਸੁਪਨਸਾਜ਼ ਹੈ। ਉਸਦੀ ਕਵਿਤਾ, ਸੁਪਨੇ, ਸਹਿਜ ਸਾਂਝ ਤੇ ਸਫ਼ਰ ਦੀ ਅਵਾਰਗੀ ਵਿੱਚੋਂ ਉਦੈ ਹੁੰਦੀ ਹੈ। ਉਸ ਕੋਲ ਭਾਵਨਾਵਾਂ ਨੂੰ ਕਵਿਤਾ ਤੇ ਕੋਮਲ ਬਣਾਉਣ ਦੀ ਕਾਰੀਗਿਰੀ ਹੈ।

ਤਰਨਤਾਰਨ, ਦਸੂਹਾ, ਝਬਾਲ ਤੇ ਪੱਟੀ ਆਦਿ ਨਗਰਾਂ ਦੇ ਕਿੱਤਾ ਮੁਖੀ ਭ੍ਰਮਣ ਤੋਂ ਬਾਅਦ ਹਰਫੂਲ ਸਿੰਘ ਨੇ ਕਪੂਰਥਲਾ ਸ਼ਹਿਰ ਵਿਖੇ ਪੱਕਾ ਨਿਵਾਸ ਕਰ ਲਿਆ। ਉਸ ਨੇ ਸਿੰਘਾਪੁਰ, ਮਲੇਸ਼ੀਆ, ਬੈਂਕਾਕ, ਇੰਗਲੈਂਡ, ਤੇ ਜਰਮਨ ਆਦਿ ਦੇਸ਼ਾਂ ਦੇ ਸਫ਼ਰ ਵੀ ਕੀਤੇ। ਸਫ਼ਰ ਨੇ ਉਸ ਦੇ ਕਾਵਿਕ ਅਨੁਭਵ ਨੂੰ ਗਹਿਰਾ ਤੇ ਗਗਨਮੁਖੀ ਅੰਦਾਜ਼ ਦਿੱਤਾ ਹੈ। ਸਫ਼ਰ ਦੀ ਸਾਧਨਾ ਤੇ ਸਿਦਕਦਿਲੀ ਤੋਂ ਇਲਾਵਾ ਉਸਨੂੰ ਕਾਵਿਮਈ ਤੇ ਸੰਗੀਤਕ ਮਹਿਫ਼ਲਾਂ ਸਜਾਉਣ ਦੀ ਸ਼ੌਕ ਹੈ। ਦੋਸਤੀਆਂ ਪਾਲਣੀਆਂ, ਨਿਭਾਉਣੀਆਂ ਤੇ ਕਵਿਤਾ ਦੀ ਧੂਣੀ ਮੱਘਦੀ ਰੱਖਣੀ ਉਸਦਾ ਸੁਭਾਅ ਤੇ ਸੀਰਤ ਹੈ। ਅਜਿਹੇ ਅਵੱਲੜੇ ਤੇ ਅਵਾਜ਼ਾਰ ਮਾਹੌਲ ਨੇ ਹਰਫੂਲ ਸਿੰਘ ਦੀ ਕਵਿਤਾ ਨੂੰ ਲਗਾਤਾਰ ਸੇਕ, ਸ਼ਿੱਦਤ ਤੇ ਸੰਵੇਦਨਾ ਦੀ ਸਿਰਜਣਾਤਮਕ ਖ਼ੁਰਾਕ ਦਿੱਤੀ। ਉਸ ਦੀ ਬਹੁਤੀ ਕਵਿਤਾ ਸਾਂਝਾ ਤੇ ਸਾਕਦਾਰੀਆਂ ਦੇ



ਮੋਹ ਨਿਰਮੋਹ ਦੀ ਮਾਨਵੀ ਪੈਦਾਇਸ਼ ਹੈ। ਅਵਾਜ਼ਾਰੀਆ, ਅਵਾਰਗੀਆਂ ਤੇ ਅਨੁਭੂਤੀਆਂ ਨੇ ਉਸ ਦੀ ਕਵਿਤਾ ਨੂੰ ਜਾਨ ਤੇ ਜ਼ਜਬਾ ਪ੍ਰਦਾਨ ਕੀਤੇ। ਉਹ ਗ਼ਜ਼ਲ ਦਾ ਮਕਬੂਲ ਸ਼ਾਇਰ ਹੈ ਪਰ ਇਸ ਤੋਂ ਬਿਨਾਂ ਉਸ ਦੇ ਗੀਤ, ਨਜ਼ਮ ਤੇ ਰੁਬਾਈ ਦੀ ਰਚਨਾ ਵੀ ਕੀਤੀ ਹੈ। ਸਟੇਜੀ ਕਵੀਆਂ ਦੀ ਸੰਗਤ ਤੇ ਸੋਹਬਤ ਨੇ ਉਸ ਦੀ ਕਵਿਤਾ ਨੂੰ ਸਰੋਦੀ ਤੇ ਸੰਗੀਤਕ ਅੰਦਾਜ਼ ਤੇ ਅਦਾਇਗੀ ਵੀ ਬਖਸ਼ੀ ਹੈ। ਸਿੱਟੇ ਵਜੋਂ ਉਸ ਦੀਆਂ ਰਚਨਾਵਾਂ ਨੂੰ ਸ਼ਾਮ ਲਾਲ ਲਾਲੀ, ਗਿਆਨ ਸਿੰਘ ਕੰਵਲ, ਦੀਦਾਰ ਪਰਦੇਸੀ, ਪ੍ਰੋ. ਪਰਮਜੀਤ ਕੌਰ ਤੇ ਪੰਮੀ ਹੰਸਪਾਲ ਜੇਹੇ ਉੱਘੇ ਗਾਇਕ ਨੇ ਗਾਇਆ ਵੀ ਹੈ। ਉਸ ਦੀਆਂ ਚੋਣਵੀਆਂ ਰਚਨਵਾਂ ਦੀ ਐਲਬਮ 'ਸੱਜਣਾਂ ਬਾਝ ਹਨੇਰਾ' ਪੰਮੀ ਹੰਸਪਾਲ ਦੀ ਮਧੁਰ ਆਵਾਜ਼ ਵਿੱਚ ਰਿਕਾਰਡ ਵੀ ਹੋਈ ਹੈ। ਸਫ਼ਰ ਨਾਲ ਹਰਫੂਲ ਸਿੰਘ ਦਾ ਏਨਾ ਮੋਹ ਹੈ ਕਿ ਉਸ ਨੇ ਆਪਣੀ ਪਹਿਲੀ ਕਾਵਿ ਕਿਤਾਬ ਦਾ ਨਾਮ 'ਸੰਦਲੀ ਪੈੜਾਂ ਦਾ ਸਫ਼ਰ' ਰੱਖਿਆ ਹੈ। ਉਸ ਦੇ ਦਿਲ ਅੰਦਰ ਕਿਤੇ ਨਾ ਕਿਤੇ ਸੰਦਲੀ ਪੈੜਾਂ ਦੀ ਇਬਾਰਤ ਖੁਣੀ ਹੋਈ ਮਹਿਸੂਸ ਹੁੰਦੀ ਹੈ। ਉਸ ਦੀ ਕਵਿਤਾ ਏਸੇ ਚਾਹਤ ਤੇ ਚਿਣਕ ਵਿਚੋਂ ਪੈਦਾ ਦਿਲੀ ਦੀਵਾਨਗੀ ਹੈ। ਅਪ੍ਰਾਪਤੀ ਦੀ ਤਲਾਸ਼ ਤੇ ਤੇਹ ਉਸ ਦੇ ਕਾਵਿ-ਸ਼ਬਦਾਂ ਦੀ ਰੂਹ ਤੇ ਰਵਾਨਗੀ ਹੈ। ਸਮਾਜਕ ਰਿਸ਼ਤਿਆਂ ਦੀ ਕੁੜੱਤਣ, ਟੁੱਟਭੱਜ ਤੇ ਭਟਕਣ ਨੇ ਉਸ ਦੀ ਕਵਿਤਾ ਨੂੰ ਪਵਨਸ਼ੀਲ ਪਰਵਾਜ਼ ਦਿੱਤੀ ਹੈ ਏਸੇ ਕਰਕੇ ਉਸ ਨੇ ਆਪਣੀ ਦੂਸਰੀ ਕਿਤਾਬ ਦਾ ਸਿਰਲੇਖ 'ਕੁਤਰੇ ਪਰਾਂ ਦੀ ਪਰਵਾਜ਼' ਰਖਿਆ। ਵਕਤ ਦੀ ਬੇਗਾਨਗੀ, ਬੇਬਸੀ ਤੇ ਬੇਮਾਅਨੀ ਬਿਰਤੀ ਦੀ ਅੱਗ ਤੇ ਅਵਾਜ਼ਾਰੀ ਨੂੰ ਸਹਿਜ ਪਰਵਾਜ਼ ਦੇਣੀ ਹਰਫੂਲ ਸਿੰਘ ਦੀ ਸਿਰਣਾਤਮਕ ਸੀਰਤ ਹੈ। ਸਾਦਾ, ਸਰਲ, ਸੌਖੇ, ਸਹਿਜ ਤੇ ਸੁਭਾਵਿਕ ਅੰਦਾਜ਼ ਵਿੱਚ ਫਲਸਫ਼ਾਨਾ ਗੁਫ਼ਤਗੂ ਕਰਨੀ ਉਸ ਦੀ ਕਵਿਤਾ ਦਾ ਸੁਭਾਅ ਹੈ। ਹਰਫੂਲ ਸਿੰਘ ਦੀ ਕਵਿਤਾ ਯਾਤਰੂ ਮਨ ਦੀਆਂ ਨਿੱਕੀਆਂ-ਨਿੱਕੀਆਂ ਮਾਨਸਿਕ ਉਦਾਸੀਆਂ ਹਨ। ਏਹਨਾਂ ਉਦਾਸੀਆਂ ਦੀ ਅੰਦਰੂਨੀ ਬਿਰਤੀ ਪਾਠਕ ਨੂੰ ਝੰਜੋੜਨੀ ਤੇ ਝਰਨਾਹਿਤ ਕਰਦੀ ਹੈ। ਅਨੁਭਵ ਦੀ ਅਮੀਰੀ ਤੇ ਗਹਿਰਾਈ ਸਦਕਾ ਹਰਫੂਲ ਸਿੰਘ ਨੇ ਆਪਣੇ ਸ਼ੇਅਰਾਂ ਤੇ ਰੁਬਾਈਆਂ ਨੂੰ ਸਦੀਵੀਂ ਮਾਨਵੀ ਸੱਚਾਈਆਂ ਦਾ ਸਿਨਫ਼ੇ-ਏ-ਹਾਸਲ ਬਣਾ ਦਿੱਤਾ ਹੈ। ਨਿੱਕੇ ਨਿੱਕੇ ਵੇਰਵੇ, ਵਿਸੰਗਤੀਆਂ ਤੇ ਵਿਰੋਧਾਭਾਸ ਵੱਡੀਆਂ ਤੇ ਵੱਡਕਾਰੀ ਬਾਹਾਂ ਪਾਉਂਦੇ ਹਨ। ਉਪਰ ਦੇ 80 ਵਰ੍ਹੇ ਹੰਢਾ ਕੇ ਵੀ ਹਰਫੂਲ ਸਿੰਘ ਦੀ ਬਾਤ ਅਜੇ ਮੁੱਕੀ ਨਹੀਂ। ਹਾਲੇ ਵੀ ਉਸਦੀ ਕਾਵਿਕ ਬਾਤ ਨੂੰ ਹੁੰਗਾਰੇ ਤੇ ਹੋਂਦ ਦੀ ਉਡੀਕ ਰਹਿੰਦੀ ਹੈ। ਉਸ ਦੀਆਂ ਰਚਨਾਤਮਿਕ ਬਾਤਾਂ ਦੀ ਧੜਕਣ ਧੀਮੀ ਜ਼ਰੂਰੀ ਹੋਈ ਹੈ ਪਰ ਤੇਜ਼ ਤੇ ਤਪ ਹਾਲੇ ਠੰਢਾ ਨਹੀਂ ਹੋਇਆ ਸਗੋਂ ਉਮਰ ਦੇ ਠਹਿਰਾਓ ਨੇ ਇਹਨਾਂ ਰਚਨਾਤਮਿਕ ਬਾਤਾਂ ਨੂੰ ਹੋਰ ਸਹਿਜ ਤੇ ਸਦੀਵੀ ਬਣਾ ਦਿੱਤਾ ਹੈ।

ਕਪੂਰਥਲਾ ਸ਼ਹਿਰ ਹਰਫੂਲ ਸਿੰਘ ਲਈ ਖ਼ਾਬਸ਼ੀਲ ਤੇ ਖੁਸ਼ਨਸੀਬ ਵਰਦਾਨ ਸਿੱਧ

ਹੋਇਆ 1982 ਤੋਂ ਸਿਰਜਣਾ ਕੇਂਦਰ ਕਪੂਰਥਲਾ (ਰਜਿ.) ਨਾਲ ਜੁੜਕੇ ਹਰਫੂਲ ਸਿੰਘ ਨਾ ਸਿਰਫ਼ ਸਾਹਿਤਕ ਸਰਗਰਮੀਆਂ ਦੇ ਖੇਤਰ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਹੈ ਸਗੋਂ ਉਸ ਦੀ ਕਵਿਤਾ ਨੂੰ ਵੀ ਏਥੋਂ ਦੇ ਕਰਮਸ਼ੀਲ ਮਾਹੌਲ ਨੇ ਤਾਕਤ ਤੇ ਤਪਸ਼ ਪ੍ਰਦਾਨ ਕੀਤੀ। ਵੱਖ-ਵੱਖ ਸੰਸਥਾਵਾਂ ਦੇ ਰਹਿਨੁਮਾ ਵਜੋਂ ਉਸ ਨੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦੀ ਲਹਿਰ ਚਲਾਈ। ਏਥੇ ਹੀ ਉਸ ਦੀਆਂ ਦੋਵੇਂ ਕਾਵਿ ਕ੍ਰਿਤੀਆਂ ਦੀ ਐਲਬਮ ਰਿਲੀਜ਼ ਹੋਈ। ਏਥੇ ਹੀ ਉਸ ਨੂੰ ਕਵਿਤਾ ਦੇ ਬਾਬਾ ਬੋਹੜ ਦਾ ਖ਼ਿਤਾਬ ਹਾਸਿਲ ਹੋਇਆ। ਕਪੂਰਥਲਾ ਉਸਦੀਆਂ ਕਵਿਤਾਵਾਂ ਦਾ ਗਵਾਹ ਦਸਤਾਵੇਜ਼ ਹੈ। ਕਵਿਤਾ ਤੇ ਕਪੂਰਥਲਾ ਉਸ ਦੀ ਇਬਾਦਤ ਦਾ ਰਚਨਾਤਮਿਕ ਮੱਕਾ ਹਨ। ਦੋਸਤੀਆਂ, ਮਹਿਫ਼ਲਾਂ, ਸਰਗਰਮੀਆਂ, ਸਨਮਾਨ, ਸਦਾਰਤਾਂ ਤੇ ਸ਼ੋਹਰਤਾਂ ਦਾ ਵੱਡਾ ਰਚਨਾਤਮਿਕ ਖਜ਼ਾਨਾ ਉਸ ਨੂੰ ਏਥੇ ਹੀ ਨਸੀਬ ਹੋਇਆ। ਆਪਣੇ ਰਚਨਾਤਮਿਕ ਸਫ਼ਰ ਤੋਂ ਹਰਫੂਲ ਸਿੰਘ ਸੰਤੁਸ਼ਟ ਤੇ ਉਤਸ਼ਾਹਿਤ ਹੈ। ਕਵਿਤਾ ਲਿਖਣੀ ਤੇ ਕਵਿਤਾ ਵਾਂਗੂੰ ਜਿਊਣਾ ਉਸਨੂੰ ਦੁਨਿਆਵੀ ਤੌਰ ਤੇ ਭਾਵੇਂ ਮਹਿੰਗਾ ਪਰ ਆਪਣੇ ਰਚਨਾਤਮਿਕ ਇਸ਼ਕ ਤੇ ਈਮਾਨ ਦੀਆਂ ਪ੍ਰਾਪਤੀਆਂ ਨੂੰ ਉਹ ਸਭ ਤੋਂ ਅਮੀਰ ਮੁਹੱਬਤੀ ਜਾਇਦਾਦ ਸਮਝਦਾ ਹੈ।

ਹਰਫੂਲ ਸਿੰਘ ਨੂੰ ਆਪਣੀ ਕਵੀ ਆਪਾ ਚੰਗਾ ਲਗਦਾ ਹੈ। ਕਵੀ ਹੋਣ ਤੇ ਥੀਣ ਦੀ ਫ਼ਕੀਰੀ ਉਸ ਦੇ ਮਨ ਨੂੰ ਠਹਿਰਾਓ ਤੇ ਦਿਲ ਨੂੰ ਰਹਾਓ ਦਿੰਦੀ ਹੈ। ਤਣਾਓ, ਤ੍ਰਿਸ਼ਨਾ, ਤਕਰਾਰ ਤੇ ਤਲਖ਼ੀ ਦੇ ਅਹਿਸਾਸਾਂ ਦੀ ਪੀੜ ਵਿਚੋਂ ਸਰੋਦੀ, ਸਾਹਵਰਧਕ ਤੇ ਸਿਹਤਮੰਦ ਅਰਮਾਨ ਜਗਾਉਣੇ ਉਸਦੀ ਕਵਿਤਾ ਦਾ ਮੂਲ ਮਾਨਵੀ ਮਨੋਰਥ ਹੈ। ਸੂਖ਼ਮ ਤੇ ਸੰਵੇਦਨਸ਼ੀਲ ਵਿਚਾਰਾਂ ਨੂੰ ਪਰਿਭਾਸ਼ਕ ਲਹਿਜੇ ਤੇ ਤਨਜ਼ ਦੀ ਵਿਧੀ ਨਾਲ ਪ੍ਰਗਟਾਉਣਾ ਉਸਦੀ ਕਵਿਤਾ ਦਾ ਹੈਰਤ ਭਰਪੂਰ ਹਾਸਲ ਹੈ। ਹਰਫੂਲ ਸਿੰਘ ਸੁਪਨਸ਼ੀਲ ਚਾਹਤ ਦਾ ਅੰਬਰੀ ਕਵੀ ਹੈ। ਉਹ ਅੱਧਿਆਂ ਅਧੂਰਿਆਂ ਦੀ ਪੂਰਤ ਪਕਿਆਈ ਦਾ ਪੇਸ਼ਕਾਰ ਹੈ। ਏਸੇ ਕਰਕੇ ਉਹ ਕੁਤਰੇ ਪਰਾਂ ਨਾਲ ਪਰਵਾਜ਼ ਭਰਨ ਦਾ ਸਾਹਸ ਤੇ ਸ਼ੌਕ ਰਖਦਾ ਹੈ। ਏਸੇ ਕਰਕੇ ਉਸਨੇ ਸੰਦਲੀ ਸਫ਼ਰ ਦੀਆਂ ਪੈੜਾਂ ਅਜੇ ਮਿਟੀਆਂ ਨਹੀਂ। ਉਹ ਆਪਣੇ ਸਫ਼ਰ ਨੂੰ ਨਿਰੰਤਰ ਜਾਰੀ ਰੱਖਣ ਵਾਲਾ ਸਹਿਜ ਜੀਵਨ ਯਾਤਰੂ ਹੈ। ਉਹ ਆਪਣੇ ਪਰਵਾਜ਼ ਨੂੰ ਗਗਨਮੁਖੀ ਆਭਾ ਤੇ ਅਦਾਇਗੀ ਪ੍ਰਦਾਨ ਕਰਨ ਵਾਲਾ ਬਹੁਪੱਖੀ ਸਿਨਫ਼ਕਾਰ ਹੈ। ਅਹਿਸਾਸਾਂ, ਅਰਮਾਨਾਂ, ਆਹਟਾਂ ਤੇ ਆਦਰਾਂ ਨੂੰ ਕੁਦਰਤੀ ਕਾਰੀਗਰੀ ਵਿੱਚ ਢਾਲਣ ਦੀ ਸਮਰੱਥਾ ਤੇ ਸੰਵੇਦਨਾ ਨੇ ਉਸਦੀ ਕਵਿਤਾ ਨੂੰ ਮੌਲਿਕ ਤੇ ਮੋਹ ਖੋਰਾ ਮੁਹਾਂਦਰਾ ਦਿੱਤਾ ਹੈ।

ਹਰਫੂਲ ਸਿੰਘ ਦੀਆਂ ਕਵਿਤਾਵਾਂ ਪੰਜਾਬੀ ਦੇ ਚੋਣਵੇਂ ਰਸਾਲਿਆਂ ਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਉਸਨੇ ਆਪਣੀਆਂ ਵਿਦੇਸ਼ ਯਾਤਰਾਵਾਂ ਸੰਬੰਧੀ ਨਿਬੰਧਨੁਮਾ ਸਫ਼ਰ-ਸਿਮਰਤੀਆਂ ਵੀ ਲਿਖੀਆਂ ਹਨ। ਉਸ ਨੇ ਆਪਣੇ ਜੀਵਨ ਸਫ਼ਰੀਆਂ



ਸਿਮਰਤੀਆਂ ਨੂੰ ਲਿਖਣਾ ਆਰੰਭ ਕੀਤਾ ਹੋਇਆ ਹੈ। ਉਹ ਸਹਿਜੇ ਸਹਿਜੇ ਪਰ ਪੂਰੀ ਸ਼ਿੱਦਤ ਨਾਲ ਸਿਰਜਣਾ ਕਰਨ ਵਾਲਾ ਉਤਸ਼ਾਹੀ ਸਿਰਜਣਾ ਹੈ। ਸਿਰਜਣਾ ਨਾਲ ਉਸ ਨੂੰ ਜਿਊਣ ਦੀ ਸ਼ਕਤੀ ਤੇ ਸਾਹਸ ਮਿਲਦੇ ਹਨ। ਅਹੁਦੇ, ਸਨਮਾਨ, ਸੋਹਰਤ, ਯਾਤਰਾਵਾਂ ਤੇ ਸਾਂਝਾ ਉਸ ਦੇ ਸਹਿਜ ਸਫ਼ਰ ਨੂੰ ਭੰਗ ਨਹੀਂ ਕਰ ਸਕੀਆਂ। ਉਹ ਉਮਰ ਦੇ ਹਿਸਾਬ ਨਾਲ ਸਭ ਕੁਝ ਨੂੰ ਸਮੇਟਣਾ ਤੇ ਸੰਤੋਖਣਾ ਚਾਹੁੰਦਾ ਹੈ ਪਰ ਅੰਦਰੂਨੀ ਤਲਬ ਤੇ ਤ੍ਰੇਹ ਕੁਝ ਨਾ ਕੁਝ ਕਰਨ ਲਈ ਉਕਸਾਉਂਦੀ ਰਹਿੰਦੀ ਹੈ। ਉਸ ਦੇ ਸਨੇਹੀਆਂ ਤੇ ਸੰਗੀਆਂ ਨੂੰ ਉਸ ਦੀ ਤੀਸਰੀ ਕਿਤਾਬ ਦੀ ਉਡੀਕ ਤੇ ਉਤੇਜਨਾ ਹੈ। ਕਵਿਤਾ ਨੇ ਉਸ ਨੂੰ ਮਾਣਯੋਗ ਹੋਂਦ ਤੇ ਬਸਤੀ ਦਿੱਤੀ ਹੈ। ਉਸਨੂੰ ਤੇ ਉਸ ਦੀ ਸ਼ਾਇਰੀ ਨੂੰ ਪਿਆਰ ਕਰਨ ਵਾਲਿਆਂ ਦਾ ਵੱਡਾ ਦਾਇਰਾ ਹੈ। ਪੰਜਾਬੀ ਕਵਿਤਾ ਦੇ ਲੰਬੇ ਸਫ਼ਰ ਵਿੱਚ ਉਹ ਅਲਹਿਦਾ ਤੇ ਅਲੱਗ ਖੜਾ ਹੈ। ਅਨੇਕਾਂ ਭੂਸ਼ਣਾਂ, ਵਿਭੂਸ਼ਣਾਂ ਤੇ ਵਡਿਆਈਆਂ ਦੇ ਮਾਲਕ ਕਵੀ ਹਰਫੂਲ ਸਿੰਘ ਦੇ ਰਚਨਾਤਮਿਕ ਵਿਲੱਖਣਤਾ ਤੇ ਵੱਖਰਤਾ ਨੂੰ ਸਾਂਝਾ ਸਤਿਕਾਰ ਤੇ ਸਲਾਮ। ਤਮੰਨਾ ਹੈ ਕਿ ਉਸਦਾ ਸਹਿਜ ਸਫ਼ਰ ਤੇ ਗਤੀਸ਼ੀਲ ਸੰਘਰਸ਼ ਸਦਾ ਲਈ ਜਾਰੀ ਰਹੇ ਅਤੇ ਉਸ ਦੇ ਹਰਫ਼ਾਂ ਦੀ ਖੁਸ਼ਬੂ ਸਮਾਜਕ ਚੌਗਿਰਦੇ ਨੂੰ ਮਹਿਕਾਉਂਦੀ ਤੇ ਭਰਮਾਉਂਦੀ ਰਹੇ। ਮਾਂ ਬੋਲੀ ਪੰਜਾਬੀ ਦੇ ਇਸ ਸੁਹਜਾਤਮਕ ਆਦਰਸ਼ਵਾਦੀ ਕਵੀ ਦੀ ਕਰਮਸ਼ੀਲ ਕਲਮ ਤੋਂ ਅਜੇ ਹੋਰ ਉਮੀਦਾਂ ਤੇ ਉਡੀਕਾਂ ਹਨ।

◆◆◆